# ਦੇਸ਼ ਦੁਆਬਾ

VOL - 3 ISSUE - 9
August 01-15, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com


## ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਦਾ ਦੂਜਾ ਮਹਾਨ ਨਗਰ ਕੀਰਤਨ

(ਸਬੰਧਿਤ ਖਬਰ ਦੇਖੋ ਸਫਾ 4 ਅਤੇ ਤਸਵੀਰਾਂ ਸਫਾ 11 'ਤੇ)



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੀ ਤਸਵੀਰ ਭਾਰਤੀ ਕੌਂਸਲੇਟ ਜਨਰਲ ਦਫਤਰ ਸਾਨਫਰਾਂਸਿਸਕੋ ਵਿਖੇ ਸੁਸ਼ੋਭਿਤ ਹੋਵੇਗੀ (ਸਬੰਧਿਤ ਖਬਰ ਦੇਖੋ ਸਫਾ 6 ਤੇ)

# ਜ਼ਿਮਨੀ ਚੋਣਾਂ ਹੋਣਗੀਆਂ ਕਾਂਗਰਸ ਅਤੇ ਅਕਾਲੀ ਦਲ (ਬਾਦਲ) ਲਈ ਇਕ ਹੋਰ ਚੁਣੌਤੀ

## ਆਪਣੀ ਗੁਆਚਦੀ ਸਾਖ ਨੂੰ ਮੁੜ ਪ੍ਰਾਪਤ ਕਰਨ ਲਈ ਲੜਨਗੇ ਬਾਦਲ

ਚੰਡੀਗੜ੍ਹ (ਬਿਓਰੋ)- ਪੰਜਾਬ ਵਿਚ ਅਗਸਤ ਦੇ ਮਹੀਨੇ ਆ ਗਈਆਂ ਦੋ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹਾਲਾਂਕਿ ਕਿਸੇ ਸਿਆਸੀ ਪਾਰਟੀ ਨੂੰ ਜ਼ਿਆਦਾ ਫਾਇਦਾ ਦੇਣ ਵਾਲੀਆਂ ਨਹੀਂ, ਪਰ ਇਹਨਾਂ ਚੋਣਾਂ ਦੀ ਪੰਜਾਬ ਦੇ ਸਿਆਸੀ ਹਲਕਿਆਂ ਵਿਚ ਅਹਿਮੀਅਤ ਬਹੁਤ ਜ਼ਿਆਦਾ ਵੱਧ ਗਈ ਹੈ।ਪੰਜਾਬ ਦੀਆਂ ਪਟਿਆਲਾ ਅਤੇ ਤਲਵੰਡੀ ਸਾਬੋ ਦੋਵੇਂ ਸੀਟਾਂ ਕਾਂਗਰਸ ਦੇ ਕੋਲ ਰਹੀਆਂ ਹਨ। ਤਲਵੰਡੀ ਸਾਬੋ ਤੋਂ ਜੀਤ ਮਹਿੰਦਰ ਸਿੰਘ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ, ਜਿਸ ਕਰਕੇ ਇਹ ਸੀਟ ਖਾਲੀ ਹੋ ਗਈ ਹੈ। ਅਕਾਲੀ ਦਲ ਨੇ ਉਹਨਾਂ ਨੂੰ ਹੀ ਦੁਬਾਰਾ ਆਪਣੇ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉਤਾ-ਰਆ ਹੈ। ਦੂਜੇ ਪਾਸੇ ਕਾਂਗਰਸ ਨੇ ਇਸ ਹਲਕੇ ਤੋਂ ਬਠਿੰਡਾ ਖੇਤਰ ਵਿਚ ਮੰਨੇ-ਪ੍ਰਮੰਨੇ ਲੀਡਰ ਮੰਨੇ ਜਾਂਦੇ ਹਰਮਿੰਦਰ ਸਿੰਘ ਜੱਸੀ ਨੂੰ ਉਮੀਦਵਾਰ ਬਣਾਇਆ ਹੈ। ਜੱਸੀ ਇਸ ਇਲਾਕੇ ਵਿਚ ਦਬਦਲੇ ਵਾਲੇ ਲੀਡਰ ਮੰਨੇ ਜਾਂਦੇ ਹਨ ਅਤੇ ਲੋਕ ਸਭਾ ਚੋਣਾਂ ਵਿਚ ਮਨਪ੍ਰੀਤ ਬਾਦਲ ਦੀ ਉਹਨਾਂ ਨੇ ਡੱਟ ਕੇ ਹਮਾਇਤ ਕੀਤੀ ਸੀ।

ਇਹਨਾਂ ਚੋਣਾਂ ਵਿਚ ਹਾਲਾਂਕਿ ਆਮ ਆਦਮੀ ਪਾਰਟੀ ਨੇ ਵੀ ਆਪਣੇ ਉਮੀਦਵਾਰ ਉਤਾਰੇ ਹਨ, ਪਰ ਆਮ ਆਦਮੀ ਪਾਰਟੀ ਤੋਂ ਇਹਨਾਂ ਚੋਣਾਂ ਵਿਚ ਜ਼ਿਆਦਾ ਵਧੀਆ ਭੂਮਿਕਾ ਦੀ ਆਸ ਇਸ ਕਰਕੇ ਨਹੀਂ ਰੱਖੀ ਜਾ ਰਹੀ ਕਿਉ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਦਾ ਸਿਆਸੀ ਧਰਾਤਲ ਬਦਲ ਗਿਆ ਹੈ। ਹਾਲਾਂਕਿ ਤਲਵੰਡੀ ਸਾਬੋ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਕਾਰ ਸਿੱਧੂ ਉਸ ਇਲਾਕੇ ਦਾ ਚਰਚਿਤ ਨਾਂ ਹਨ ਅਤੇ ਉਹਨਾਂ ਤੋਂ ਇਹ ਆਸ ਕੀਤੀ ਜਾ ਰਹੀ ਹੈ ਕਿ ਉਹ ਕਾਂਗਰਸ ਅਤੇ ਅਕਾਲੀ ਦਲ ਦੀ ਫਸਵੀਂ ਟੱਕਰ ਵਿਚਕਾਰ ਕੁਝ ਨਵਾਂ ਕਰ





ਸਕਦੇ ਹਨ। ਇਹਨਾਂ ਦੋਵੇਂ ਹਲਕਿਆਂ ਦੀਆਂ ਚੋਣਾਂ ਦੇ ਲਈ ਹੋਰ ਕਿਸੇ ਪਾਰਟੀ ਨੇ ਫਿਲਹਾਲ ਉਮੀਦਵਾਰ ਨਹੀਂ ਉਤਾਰੇ ਹਨ, ਹਾਲਾਂਕਿ ਕੁਝ ਆਜ਼ਾਦ ਉਮੀਦਵਾਰਾਂ ਨੇ ਦੋਵੇਂ ਹਲਕਿਆਂ ਤੋਂ ਪੇਪਰ ਦਾਖਲ ਕੀਤੇ ਹਨ। ਇਹਨਾਂ ਚੋਣਾਂ ਨੂੰ ਅਕਾਲੀ ਦਲ (ਬਾਦਲ) ਆਪਣੇ ਲਈ ਬਹੁਤ ਅਹਿਮ ਮੰਨ ਰਿਹਾ ਹੈ। ਅਕਾਲੀ ਦਲ ਬਾਦਲ ਨੂੰ ਲੋਕ ਸਭਾ ਚੋਣਾਂ ਵਿਚ ਜੋ ਰਾਜਨੀਤਿਕ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਉਸ ਦੀ ਭਰਪਾਈ ਦੇ ਲਈ ਜੇਕਰ ਇਹ ਪਾਰਟੀ ਤਲਵੰਡੀ ਸਾਬੋ ਚੋਣ ਜਿੱਤ ਲੈਂਦੀ ਹੈ ਤਾਂ ਅਗਲੇਰੇ ਸਮੇਂ ਵਿਚ ਪੰਜਾਬ ਵਿਚ ਫਿਰ ਇਹ ਪਾਰਟੀ ਆਪਣੀ ਸਾਖ ਵਧਾਉਣ ਦੇ ਲਈ ਇਸ ਹਲਕੇ ਦੇ ਨਤੀਜਿਆਂ ਨੂੰ ਵਰਤ ਸਕਦੀ ਹੈ। ਦੂਜੇ ਪਾਸੇ ਕਾਂਗਰਸ ਇਹ ਦੋਵੇਂ ਸੀਟਾਂ ਜਿੱਤਣ ਦੇ ਲਈ ਅੱਡੀ ਚੋਟੀ ਦਾ ਜ਼ੋਰ ਲਗਾਵੇਗੀ। ਜੇਕਰ ਕਾਂਗਰਸ ਇਸ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਇਸ ਦਾ ਸਿਆਸੀ ਆਧਾਰ ਹੋਰ ਵੱਧ ਜਾਵੇਗਾ ਅਤੇ ਅਕਾਲੀ ਦਲ ਬਾਦਲ ਨੂੰ ਇਹ ਪਾਰਟੀ ਮਾਤ ਦੇਣ ਦੇ ਲਈ ਪੂਰਨ ਸੰਗਠਿਤ ਹੋ ਜਾਵੇਗੀ। ਇਹਨਾਂ ਚੋਣਾਂ ਦੀ ਪਿੱਠਭੂਮੀ ਪੱਖੋਂ ਦੇਖਿਆ ਜਾਵੇ ਤਾਂ ਪਟਿਆਲਾ ਦੀ ਸੀਟ ਜ਼ਿਆਦਾਤਰ ਕਾਂਗਰਸ ਦੇ ਕੋਲ ਰਹੀ ਹੈ। ਇਸ ਵਾਰ ਵੀ ਕਾਂਗਰਸ ਨੇ ਤਾਕਤਵਰ ਉਮੀਦਵਾਰ ਸਾਬਕਾ ਕੇਂਦਰੀ ਮੰਤਰੀ ਬੀਬੀ ਪ੍ਰਨੀਤ ਕੌਰ ਨੂੰ ਮੈਦਾਨ ਵਿਚ ਉਤਾਰਿਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਅੰਮ੍ਰਿਤਸਰ ਤੋਂ ਚੋਣ ਜਿੱਤਣ ਕਾਰਨ ਕਾਂਗਰਸ ਅੰਦਰ ਵਧੇ ਕੱਦ-ਕਾਠ ਦਾ ਫਾਇਦਾ ਵੀ ਇਸ ਹਲਕੇ ਤੋਂ ਕਾਂਗਰਸ ਨੂੰ ਮਿਲੇਗਾ। ਇਸੇ ਕਾਰਨ ਕਾਂਗਰਸ ਇਸ ਸੀਟ ਤੇ ਪਹਿਲਾਂ ਹੀ ਜਿੱਤ ਦਾ ਦਾਅਵਾ ਕਰ ਰਹੀ ਹੈ। ਆਮ ਆਦਮੀ ਪਾਰਟੀ ਦੁਆਰਾ ਉਤਾਰੇ ਗਏ ਉਮੀਦਵਾਰ ਹਰਜੀਤ ਸਿੰਘ ਦਾ ਸ਼ਹਿਰੀ ਹਲਕਾ ਹੋਣ ਕਾਰਨ ਜ਼ਿਆਦਾ ਆਧਾਰ ਨਹੀਂ ਬਣ ਰਿਹਾ, ਕਿਉਂਕਿ ਉਹ ਦਿਹਾਤੀ ਖੇਤਰ ਨਾਲ ਸਬੰਧਤ ਹਨ। ਹੁਣ ਇਹ 21 ਅਗਸਤ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਇਹਨਾਂ ਚੋਣਾਂ ਵਿਚ ਕਿਹੜੀ ਪਾਰਟੀ ਮਾਅਰਕਾ ਮਾਰਦੀ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਵਿਚਕਾਰ ਕਿਸ ਨੂੰ ਪੰਜਾਬ ਦੀ ਰਾਜਨੀਤੀ ਦਾ ਧਨੰਤਰ ਬਣਨ ਦਾ ਮੌਕਾ ਮਿਲਦਾ ਹੈ।

# ਅਮਰੀਕਨ ਸਿੱਖ ਭਾਈਚਾਰੇ ਨੇ ਸਿੱਖਾਂ ਤੇ ਮੁਸਲਮਾਨਾਂ ਨੂੰ ਆਪਸੀ ਸਾਂਝ ਬਣਾਈ ਰੱਖਣ ਦੀ ਕੀਤੀ ਅਪੀਲ



ਸਿਆਟਲ, 26 ਜੁਲਾਈ:- ਯੂਪੀ ਦੇ ਸ਼ਹਿਰ ਸਹਾਰਨਪੁਰ ਵਿਖੇ ਹਾਲ ਹੀ ਵਿਚ ਸਿੱਖਾਂ ਅਤੇ ਮੁਸਲਮਾਨਾਂ ਦੌਰਾਨ ਹੋਏ ਦੰਗਿਆਂ ਦੇ ਪਿਛੇ ਆਰ ਐਸ ਐਸ ਦਾ ਹੱਥ ਹੋਣ ਦੀ ਸੰਭਾਵਨਾਂ ਪ੍ਰਗਟ ਕਰਦਿਆਂ ਅਮਰੀਕਾ ਦੇ ਸਿੱਖਾਂ ਨੇ ਭਾਰਤ ਵਿਚ ਵੱਸਦੇ ਸਿਖਾਂ ਤੇ ਮੁਸਲਮਾਨਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਇੱਕ ਭਰਵੀਂ ਮੀਟਿੰਗ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਛੁਟਿਆ ਕੇ ਨਾ ਵੇਖਿਆ ਜਾਵੇ।ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਹੋਇਆ ਕੋਈ ਵੀ ਦੰਗਾ ਦੁਨੀਆਂ ਭਰ ਵਿਚ ਵੱਸਦੇ ਸਿਖਾਂ ਲਈ ਸ਼ੁੱਭ ਸੰਕੇਤ ਨਹੀਂ ਹੈ।ਕਿਉਕਿ ਬਹੁਤ ਸਾਰੇ ਮੁਸਲਮਾਨ ਮੁਲਕਾਂ ਵਿਚ ਸਿੱਖ ਰੋਜ਼ੀ ਰੋਟੀ ਕਮਾਉਣ ਲਈ ਨੌਕਰੀਆ ਕਰਦੇ ਹਨ।ਜਿਸ ਕਰ ਕੇ ਅਜਿਹੀਆਂ ਘਟਨਾਵਾਂ ਨਾਲ ਦੋਹਾਂ ਭਾਈਚਾਰਿਆਂ ਦੇ ਰਿਸ਼ਤਿਆਂ ਵਿਚ ਤਰੇੜਾਂ ਪੈਣੀਆਂ ਕੁਦਰਤੀ ਹਨ। ਵਾਸ਼ਿੰਗਟਨ ਡੀ. ਸੀ. ਤੋਂ ਪਹੁੰਚੇ ਡਾ. ਅਮਰਜੀਤ ਸਿੰਘ ਸੰਚਾਲਕ ਖ਼ਾਲਿਸਤਾਨ ਅਫੇਅਰ ਸੈਂਟਰ ਨੇ ਕਿਹਾ ਕਿ ਪਿਛਲੇ ਸਮੇਂ ਮੋਦੀ ਸਰਕਾਰ ਬਣਨ ਤੋਂ ਬਾਦ ਜਿਵੇਂ ਘਟਨਾਵਾਂ ਵਾਪਰ ਰਹੀਆਂ ਹਨ ਇਹ ਭਾਰਤ ਦੀਆਂ ਘੱਟ ਗਿਣਤੀਆਂ ਲਈ ਬੇ ਹੱਦ ਖ਼ਤਰਨਾਕ ਹਨ।ਸਿੱਖ ਅਤੇ ਮੁਸਲਮਾਨ ਦੋਨੋਂ ਹੀ ਭਾਰਤ ਵਿਚ ਘੱਟ ਗਿਣਤੀ ਹਨ ਅਤੇ ਆਰ ਐਸ ਐਸ ਦੇ ਏਜੰਡੇ ਤੇ ਹੋਣ ਕਾਰਨ ਇਨ੍ਹਾਂ ਨੂੰ ਆਪਸ ਵਿਚ ਲੜਾਉਣਾ ਗਹਿਰੀ ਸਾਜ਼ਿਸ਼ ਦਾ ਹਿੱਸਾ ਹੈ।ਉਨ੍ਹਾਂ ਭਾਰਤ ਵਿਚ ਵੱਸਦੀ ਸਿੱਖ ਲੀਡਰਸ਼ਿਪ ਨੂੰ ਕਿਹਾ ਕਿ ਜਿਸ ਮਸਲੇ ਨੂੰ ਲੈ ਕੇ ਦੋਨੋਂ ਕੌਮਾਂ ਵਿਚ ਤਲਖੀ ਵੱਧੀ ਹੈ ਓਸ ਨੂੰ ਗੱਲਬਾਤ ਰਾਂਹੀ ਹੱਲ ਕੀਤਾ ਜਾਵੇ। ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਅਮਰੀਕਾ ਸਥਿਤ ਜਨਰਲ ਸਕੱਤਰ ਸ. ਅਜੀਤ ਸਿੰਘ ਆਲੋਆਰਖ ਨੇ ਵੀ ਇਸ ਘਟਨਾ ਦੀ ਨਖੇਧੀ ਕੀਤੀ ਅਤੇ ਇਸ ਨੂੰ ਸਾਜਿਸ਼ ਦਾ ਹਿੱਸਾ ਦੱਸਿਆ।ਇਸੇ ਤਰ੍ਹਾਂ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਿਆਟਲ ਯੂਨਿਟ ਦੇ ਸੀਨੀਅਰ

(ਬਾਕੀ ਸਫਾ 17 ਤੇ)



ਤੀਆਂ
TEEYAN
On Sunday, 17th AUGUST 2014
At 1.00 P. M.
At
S.E.S. Hall
10427 E. STOCKTON BLVD.
ELK GROVE, CA 95624
ਹੋਰ ਜਾਣਕਾਰੀ ਲਈ ਇਸ਼ਤਿਹਾਰ ਦੇਖੋ ਸਫਾ 20 ਤੇ



Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434




SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SIXTH ANNUAL IVACC PICNIC 2013



In honor of Late

# LAHORI RAM

Forerunner Indo-American to become involved in California politics.

## SUNDAY AUGUST 17, 2014

## 11 am - 5 pm

Main Sponsors:

**Ram Family/ Bay Area**

**Wells Fargo Bank**

Kevin J Barri | President | Community Foothills Market | Wells Fargo | Phone: 916.985.5364 | Cell: 530.409.7432 |Fax: 916.294.0397 |
Sandeep.Dhanda/ Store Manager
(Sandeep.Dhanda@wellsfargo.com)

At: **Elk Grove Park**
9950 Elk Grove-Florin Road, Section C, Elk Grove, CA

Directions: From Elk Grove Blvd. East-turn right at Elk Grove-Florin Road.

No Charge

Hot Cholay Bhturas will be prepared on site

Program consists of: Dj, Volleyball tournament, sports for all ages, Musical contest. Tug of war and awards for all ages.
We have limited time but unlimited fun.

Important Notes;
IVACC has the privilege to invite you at our picnic with no charge. Come and enjoy your day in the company of your elected representatives.



Jack Ram, Paul Ram

For further information please contact:

| | |
|---|---|
| Jack Ram | 650-455-9026 |
| Paul Ram | 650-296-4208 |
| Iqbal Badwalz | 916 548 2248 |
| Mrs. Manjeet Sibia | 916 717 5441 |
| Gary Sidhu | 916 214 9336 |

**Sixth Annual Picnic in Memory of Commissioner Lahori Ram**

## THEME: LAHORI RAM -- INDIAN TRAILBLAZER IN CALIFORNIA POLITICS

Lahori Ram was one of the first Indo-Americans to become involved in California politics and he encouraged many others to become a part of the political process. His motto was "United We Stand and Divided We Fall." He told all Indians to unite together and realize their political power. He said that until the Indo-American community gets active in the political process, they will have no real power in this country. Taxation without representation is the problem the early settlers of the United States faced and we as Indians were becoming victims of this same problem.

A mentor for Indians wanting to get involved in the American political process, Lahori Ram was the first Indo-American to be appointed to a statewide commission in California. Mr. Ram was first appointed to the California Small Business Commission. He later served on the California Trade, Technology, and Commerce Commission. He also served on the California Transportation Commission.

He was nominated by California State Governor Gray Davis to the highly exclusive California Economic Development Commission in 2003. In this position, he helped out many Indian community members and arranged many meetings for the Indian community to meet with many elected officials. He facilitated a dialogue between the Indian community and many distinguished politicians. The Indian community had an opportunity to tell their story and voice their opinion about the issues that directly affected them.

Lahori Ram served as an inspiration and role model to many aspiring politicians. He opened up many doors for our community. Many politicians have a special respect for the Indian community due to the great work of Mr. Lahori Ram. His contributions to the Indian community and pioneering work in the California political process justify the title of "Indian Trailblazer in California Politics" that is rightfully due to Mr. Lahori Ram.

ਦੇਸ਼ ਦੁਆਬਾ www.deshdoaba.com 3 Vol- 3, Issue- 9 ਅਗਸਤ 01-15, 2014

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨੇ ਕਰਵਾਇਆ ਦੋ ਦਿਨਾ ਅੰਤਰ-ਰਾਸ਼ਟਰੀ ਕਬੱਡੀ ਕੱਪ

## ਕੇਸਰੀ ਝੰਡਾ ਅਤੇ ਅਮਰੀਕਨ ਝੰਡਾ ਲੈ ਕੇ ਪ੍ਰਬੰਧਕਾਂ, ਦਰਸ਼ਕਾਂ ਅਤੇ ਖਿਡਾਰੀਆਂ ਨੇ ਮਾਰਚ ਪਾਸ ਕੀਤਾ











**ਨਿਊਯਾਰਕ , 26 ਜੁਲਾਈ (ਰਾਜ ਗੋਗਨਾ ਭੁਲੱਥ) –** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਿਊਯਾਰਕ ਰਿਚਮੰਡ ਹਿਲ ਸਮੋਕੀ ਪਾਰਕ ਵਿੱਚ 2 ਦਿਨਾਂ ਖੇਡ ਮੇਲੇ ਦੀ ਸ਼ੁਰੂਆਤ ਹੋਈ। ਦਮਦਮੀ ਟਕਸਾਲ ਦੇ ਭਾਈ ਰਣਜੀਤ ਸਿੰਘ ਸੰਗੋਜਲਾ ਨੇ ਅਰਦਾਸ ਕੀਤੀ। ਕੇਸਰੀ ਝੰਡਾ ਅਤੇ ਅਮਰੀਕਨ ਝੰਡਾ ਲੈ ਕੇ ਪ੍ਰਬੰਧਕਾਂ, ਦਰਸ਼ਕਾਂ ਅਤੇ ਖਿਡਾਰੀਆਂ ਨੇ ਮਾਰਚ ਪਾਸ ਕੀਤਾ। ਖੇਡ ਮੇਲੇ ਵਿੱਚ ਪੰਜ ਟੀਮਾਂ ਵੈਨਕੂਵਰ, ਟੋਰਾਂਟੋ, ਕੈਲੀਫੋਰਨੀਆਂ, ਨਿਊਯਾਰਕ ਅਤੇ ਇੰਡੀਆ ਦੀਆਂ ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਫਤਹਿ ਕਲੱਬ ਕੈਲੀਫੋਰਨੀਆਂ ਅਤੇ ਵੈਨਕੂਵਰ ਵਿਚਕਾਰ ਹੋਇਆ। ਜਿਸ ਵਿੱਚ ਵੈਨਕੂਵਰ ਦੀ ਟੀਮ ਜੇਤੂ ਰਹੀ। ਦੂਜੇ ਨੰਬਰ ਤੇ ਕੈਲੀਫੋਰਨੀਆਂ ਅਤੇ ਤੀਸਰੇ ਨੰਬਰ ਤੇ ਇੰਡੀਆ ਦੀ ਟੀਮ ਰਹੀ। ਫਸਟ ਰੇਡਰ ਮਨੀ ਸੰਧੂ ਚੱਠਾ ਅਤੇ ਜਾਫੀ ਭੂਰਾ ਬੀ. ਸੀ. ਰਹੇ। ਚੀਫ ਗੈਸਟ ਸ. ਪ੍ਰਗਟ ਸਿੰਘ ਐੱਮ. ਐੱਲ. ਏ. ਜਲੰਧਰ ਕੈਂਟ ਹਨ। ਸ. ਮਲਕੀਤ ਸਿੰਘ ਦਾਖਾ ਐੱਮ. ਐੱਲ. ਏ., ਮਸ਼ਹੂਰ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡਾ ਅਤੇ ਸ. ਸ਼ਿਵਦੇਵ ਸਿੰਘ ਕਮਾਡੈਂਟ ਪੁਲਿਸ ਅਫਸਰ ਹਾਜ਼ਰ ਸਨ। ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ, ਇਕਬਾਲ ਸਿੰਘ ਜੱਬੋਵਾਲੀਆ ਤੇ ਨਰਿੰਦਰ ਪੰਡਿਤ ਨੇ ਕੀਤੀ। ਥਾਣਾ ਰਿਚਮੰਡ ਹਿੱਲ ਦੇ ਡਿਪਟੀ ਇੰਸਪੈਕਟਰ ਮਿਸਟਰ ਸੌਟਨਰ ਕਾਫੀ ਸਮਾਂ ਸਟੇਜ ਤੇ ਹਾਜ਼ਰ ਰਹੇ।

ਭਰੇ ਮੇਲੇ ਵਿੱਚ ਕਮਿਊਨਿਟੀ ਲੀਡਰ ਅਤੇ ਚੀਫ ਕੋਆਰਡੀਨੇਟਰ ਸ. ਹਰਬੰਸ ਸਿੰਘ ਢਿੱਲੋਂ ਨੂੰ 2 ਸੋਨ ਤਗਮਿਆਂ ਨਾਲ ਸਨਮਾਨਿਤ ਕੀਤਾ। ਪਹਿਲਾ ਸੋਨ ਤਗਮਾ ਸੱਲਾਂ ਵੈੱਲਫੇਅਰ ਸੁਸਾਇਟੀ ਵਲੋਂ ਸ. ਢਿੱਲੋਂ ਨੂੰ ਚੰਗੇਰੇ ਕਾਰਜਾਂ ਜਿਨ੍ਹਾਂ ਵਿਚ ਕਮਿਊਨਿਟੀ ਦੇ 823 ਫੈਸਲੇ ਕਰਾਕੇ ਲੋਕਾਂ ਨੂੰ ਪੁਲਿਸ ਅਤੇ ਕੋਰਟਾਂ ਦੇ ਚੱਕਰਾਂ ਵਿੱਚੋਂ ਕੱਢਣਾ ਮੁੱਖ ਤੌਰ ਤੇ ਸ਼ਾਮਲ ਹੈ। ਇਹ ਤਗਮਾ ਸ. ਬਲਕਾਰ ਸਿੰਘ ਸੱਲਾਂ, ਸਰਪੰਚ ਸੁਰਜੀਤ ਸਿੰਘ, ਹਰਜੀਤ ਸਿੰਘ ਜੋਨੀ, ਮਸਤਾਨ ਸਿੰਘ ਅਤੇ ਸ. ਜਗੀਰ ਸਿੰਘ ਵਲੋਂ ਪਾਇਆ ਗਿਆ। ਦੂਸਰਾ ਤਗਮਾ ਨਿਹੰਗ ਜੀਤੇ ਪੂਹਲੇ ਨੂੰ ਸੋਧਣ ਵਾਲੇ ਸ. ਨਵਤੇਜ ਸਿੰਘ ਗੁਗੂ ਨੂੰ ਰਿਹਾਅ ਕਰਾਉਣ ਸਬੰਧੀ ਸੇਵਾ ਨੂੰ ਮੁੱਖ ਲੈ ਕੇ ਗੁਗੂ ਦੇ ਪਿਤਾ ਸ. ਹੇਮ ਸਿੰਘ ਵਲੋਂ ਪਾਇਆ ਗਿਆ। ਇਹ ਮੈਡਲ ਗੁੱਗੂ ਦੇ ਸਾਥੀਆਂ ਵਲੋਂ ਇੰਡੀਆ ਤੋਂ ਭੇਜਿਆ ਗਿਆ। ਗੁਰੂ ਕੇ ਲੰਗਰ ਅਤੁੱਟ ਚੱਲਦੇ ਰਹੇ ਜਿਸ ਵਿੱਚ ਪਾਣੀ ਅਤੇ ਡਰਿੰਕ ਦੀ ਸੇਵਾ ਸ. ਸਵਰਨ ਸਿੰਘ ਢਿੱਲੋਂ ਵਲੋਂ ਕੀਤੀ ਗਈ। ਚਾਹ ਦੀ ਸੇਵਾ ਸ. ਮੋਹਣ ਸਿੰਘ ਟੀ. ਜੇ. ਵਲੋਂ, ਮਠਿਆਈ ਬਰੈੱਡ ਅਤੇ ਪਕੌੜਿਆਂ ਦੀ ਸੇਵਾ ਪੰਜਾਬੀ ਢਾਬੇ ਵਲੋਂ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਕੀਤੀ ਗਈ। ਟੈਂਟਾਂ ਦੀ ਸੇਵਾ ਗੁਰਜੀ ਟੈਂਟ ਵਲੋਂ ਕੀਤੀ ਗਈ। ਨਿਊਯਾਰਕ ਦੀ ਪੁਲਿਸ ਵਿੱਚ ਨੌਕਰੀ ਕਰ ਰਹੇ ਪੰਜਾਬੀ ਪੁਲਿਸ ਅਫਸਰਾਂ ਨੇ ਪੂਰਨ ਸਹਿਯੋਗ ਦੇ ਕੇ ਮੇਲਾ ਸਫਲ ਬਣਾਇਆ। ਖਿਡਾਰੀਆਂ ਨੂੰ ਗੱਡੀਆਂ ਵਿੱਚ ਲੈ ਕੇ ਆਉਣ ਅਤੇ ਜਾਣ ਦੀ ਸੇਵਾ ਪੁਸ਼ਪਿੰਦਰ ਸਿੰਘ ਲਾਲੀ ਵਲੋਂ ਕੀਤੀ ਗਈ। ਇੱਕ ਪਾਸੇ ਕਬੱਡੀ ਦੇ ਮੈਚ ਚੱਲ ਰਹੇ ਸਨ ਦੂਸਰੇ ਪਾਸੇ ਵਾਲੀਬਾਲ ਮੈਚ ਚੱਲ ਰਹੇ ਸਨ। ਵਾਲੀਬਾਲ ਮੁਕਾਬਲੇ ਵਿੱਚ ਕੁੱਲ 5 ਟੀਮਾਂ ਨੇ ਹਿੱਸਾ ਲਿਆ। 5 ਟੀਮਾਂ ਨਿਊਯਾਰਕ, ਕਾਰਟਰੇਟ, ਫਿਲਾਡੈਲਫੀਆ, ਬਰਲਿੰਗਟਨ ਅਤੇ ਬੈਠਲਮ ਪੈਨਸਵੀਨੀਆ ਸਨ। ਫਾਈਨਲ ਮੈਚ ਫਿਲਾਡੈਲਫੀਆ ਅਤੇ ਨਿਊਯਾਰਕ ਵਿਚਕਾਰ ਖੇਡਿਆ ਗਿਆ।

ਨਿਊਯਾਰਕ ਦੀ ਟੀਮ ਜੇਤੂ ਰਹੀ। ਸ਼ਾਮ 6:30 ਵਜੇ ਮੈਚਾਂ ਦੀ ਸਮਾਪਤੀ ਹੋਈ। ਪ੍ਰਬੰਧਕਾਂ ਵਲੋਂ ਕਬੱਡੀ ਅਤੇ ਵਾਲੀਬਾਲ ਜੇਤੂਆਂ ਨੂੰ ਇਨਾਮ ਵੰਡੇ ਗਏ। ਦੂਜੇ ਦਿਨ ਫਿਰ ਖੇਡ ਮੇਲਾ ਸ਼ੁਰੂ ਹੋਇਆ। ਅਰਦਾਸ, ਮਾਰਚ ਪਾਸਟ ਅਤੇ ਬੱਚਿਆਂ ਵਲੋਂ ਦੇਹ ਸ਼ਿਵਾ ਬਰ ਮੋਹਿ ਇਹੈ ਦਾ ਸ਼ਬਦ ਗਾਇਨ ਕੀਤਾ ਗਿਆ। ਫੈਂਸੀ ਡਰੈੱਸ ਮੁਕਾਬਲੇ ਵਿੱਚ ਸਿੰਘ ਬਾਣੇ ਵਿੱਚ 3 ਸਾਲ ਦਾ ਬੱਚਾ, ਦੁਲਹਨ ਦੇ ਰੂਪ ਵਿੱਚ 3 ਸਾਲ ਦੀ ਬੱਚੀ ਅਤੇ ਡਾਕਟਰ ਦੇ ਰੂਪ ਵਿੱਚ 5 ਸਾਲ ਦਾ ਬੱਚਾ ਚੁਣਿਆ ਗਿਆ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ 50 ਮੀਟਰ ਦੀ ਦੌੜ ਕਰਾਈ ਗਈ। 5 ਤੋਂ 7 ਸਾਲ ਦੇ ਬੱਚਿਆਂ ਦੀ 50 ਮੀਟਰ ਅਤੇ 100 ਮੀਟਰ ਦੌੜ ਕਰਾਈ ਗਈ। 7 ਤੋਂ 10 ਅਤੇ 10 ਤੋਂ 15 ਸਾਲ ਦੇ ਬੱਚਿਆਂ ਦੀ 200 ਮੀਟਰ ਅਤੇ 400 ਮੀਟਰ ਦੌੜ ਕਰਵਾਈ ਗਈ। ਥਰੀ ਲੈਗ ਰੇਸ, ਰਿਲੇਅ ਰੇਸ, ਨਿੰਬੂ ਚਮਚਾ ਰੇਸ ਵੀ ਕਰਵਾਈ ਗਈ। ਮਾਤਾਵਾਂ ਭੈਣਾਂ ਅਤੇ ਟੀਚਰਸ ਵਲੋਂ ਚਾਟੀ ਰੇਸ ਵਿੱਚ ਭਾਗ ਲਿਆ। ਬੱਚਿਆਂ ਨੇ ਸਟਰਿੰਗ ਐਪਲ ਖਾਣ ਦਾ ਮੁਕਾਬਲਾ ਜਿੱਤਿਆ।

ਨਾਨੀਆਂ, ਦਾਦੀਆਂ, ਨਾਨੇ, ਦਾਦੇ ਅਤੇ 65 ਸਾਲ ਤੋਂ ਉੱਪਰ ਬਜ਼ੁਰਗਾਂ ਨੇ ਦੌੜਾਂ ਵਿੱਚ ਹਿੱਸਾ ਲਿਆ। ਇਹ ਮੇਲਾ ਸੱਭਿਆਚਾਰ ਹੋ ਨਿਬੜਿਆ ਜਦੋਂ ਬੱਚੀ ਅਤੇ ਮਾਤਾਵਾਂ ਨੇ ਸੌਣ ਦੇ ਮਹੀਨੇ ਪਹਿਲੇ ਐਤਵਾਰ ਤੀਆਂ ਦੇ ਰੂਪ ਵਿੱਚ ਪੰਜਾਬੀ, ਸੱਭਿਆਚਾਰ ਨੂੰ ਬੋਲੀਆਂ, ਗਿੱਧੇ ਭੰਗੜੇ ਅਤੇ ਘੋੜੀਆਂ ਦੇ ਰੂਪ ਵਿੱਚ ਪੇਸ਼ ਕੀਤਾ। ਜੋ ਕਿ ਬਹੁਤ ਹੀ ਅਲੌਕਿਕ ਦ੍ਰਿਸ਼ ਸੀ। ਇਸ ਮੇਲੇ ਵਿੱਚ 4 ਹਜ਼ਾਰ ਲੋਕਾਂ ਨੇ ਹਿੱਸਾ ਲਿਆ। ਸਾਰਿਆਂ ਨੇ ਮਿਲ ਕੇ ਖੁਸ਼ੀ-ਖੁਸ਼ੀ ਇੱਕ ਦੂਜੇ ਦਾ ਸਹਿਯੋਗ ਦਿੱਤਾ। ਜੇਤੂਆਂ ਨੂੰ ਪਹਿਲੇ, ਦੂਜੇ ਅਤੇ ਤੀਜੇ ਦੇ ਰੂਪ ਵਿੱਚ ਇਨਾਮ ਵੰਡੇ ਗਏ। ਇਹ ਸਾਰਾ ਪ੍ਰੋਗਰਾਮ ਸ. ਜੋਗਿੰਦਰ ਸਿੰਘ ਮੱਲੀ, ਮਾਸਟਰ ਰੇਸ਼ਮ ਸਿੰਘ ਅਤੇ ਭੁਪਿੰਦਰ ਸਿੰਘ ਅਟਵਾਲ ਜੋ ਸਫਲਤਾ ਪੂਰਵਕ ਗੁਰਮਤਿ ਕੈਂਪ ਚਲਾ ਰਹੇ ਹਨ। ਉਨ੍ਹਾਂ ਵਲੋਂ ਖੇਡਾਂ ਦਾ ਸੰਚਾਲਨ ਕੀਤਾ ਗਿਆ। ਸਾਊਂਡ ਦੀ ਸੇਵਾ ਆਪਣਾ ਵਿਰਸਾ ਵਲੋਂ ਕੀਤੀ ਗਈ। ਮੇਅਰ ਆਫਿਸ ਵਲੋਂ ਇਮੀਗਰਾਂਟ ਕਮਿਸ਼ਨਰ ਮਿਸ ਨੀਨਾ ਅਗਰਵਾਲ, ਅਸੰਬਲੀ ਮੈਨ ਡੇਵਿਵ ਵੈਪਰਨ ਅਤੇ ਸਿਟੀ ਕੰਟਰੋਲਰ ਸਟਿੰਗਰ ਸਕੌਟ ਨੇ ਖੇਡ ਮੇਲੇ ਵਿੱਚ ਸ਼ਾਮਲ ਹੋ ਕੇ ਰੌਣਕ ਨੂੰ ਵਧਾਇਆ। ਅਗਲੇ ਸਾਲ ਫਿਰ ਮਿਲਾਂਗੇ ਕਹਿੰਦੇ ਹੋਏ ਮੇਲਾ ਸਮਾਪਤ ਹੋਇਆ। ਖੇਡ ਮੇਲੇ ਦੇ ਪ੍ਰਬੰਧਕਾਂ ਪ੍ਰਧਾਨ ਗੁਰਦੇਵ ਸਿੰਘ ਕੰਗ, ਚੇਅਰਮਨ ਮੋਹਣ ਸਿੰਘ ਖੱਟੜਾ, ਸੈਕਟਰੀ ਜਨਰਲ ਕੁਲਦਪ ਸਿੰਘ ਢਿੱਲੋਂ, ਖਜ਼ਾਨਚੀ ਜਸਵਿੰਦਰ ਸਿੰਘ ਪੱਡਾ, ਟਰੱਸਟੀ ਕੁਲਦੀਪ ਸਿੰਘ ਵੜੈਚ, ਜਗੀਰ ਸਿੰਘ ਸਬਜ਼ੀ ਮੰਡੀ, ਸੰਤ ਪ੍ਰੇਮ ਸਿੰਘ ਜੀ ਕਲਚਰਲ ਸੁਸਾਇਟੀ ਵਲੋਂ ਜਸਵਿੰਦਰ ਸਿੰਘ ਜੱਸੀ, ਸਰਪੰਚ ਕੁਲਬੀਰ ਸਿੰਘ ਪ੍ਰੇਮਪੁਰੀ, ਬਾਵਾ ਰਜਿੰਦਰ ਸਿੰਘ ਲਾਲੀ, ਜੋਗਿੰਦਰ ਸਿੰਘ ਬਾਬੂ, ਹਰਿੰਦਰ ਸਿੰਘ ਬਾਊ, ਜਗੀਰ ਸਿੰਘ ਖਲੀਲ, ਡਾ. ਚਰਨ ਸਿੰਘ, ਧੰਨ ਧੰਨ ਬਾਬਾ ਬੁੱਢਾ ਸਾਹਿਬ ਸੁਸਾਇਟੀ ਵਲੋਂ ਸ. ਦੀਦਾਰ ਸਿੰਘ ਚੀਮਾ, ਬੂਟਾ ਸਿੰਘ ਚੀਮਾ, ਦਵਿੰਦਰ ਸਿੰਘ ਬੋਪਾਰਾਏ, ਭਗਤ ਧੰਨਾ ਜੱਟ ਸੁਸਾਇਟੀ ਦੇ ਹਰਭਜਨ ਸਿੰਘ ਬੱਲ, ਸ਼ਹੀਦ ਭਗਤ ਸਿੰਘ ਸੁਸਾਇਟੀ ਦੇ ਮਨਿੰਦਰ ਸਿੰਘ ਹੈਪੀ, ਸੱਲਾਂ ਵੈੱਲਫੇਅਰ ਸੁਸਾਇਟੀ, ਗੁਰਦੁਆਰਾ ਫਲੱਸ਼ਿੰਗ ਦੇ ਪ੍ਰਧਾਨ ਸ. ਹਰਦੇਵ ਸਿੰਘ ਪੱਡਾ, ਸਟੇਟਨ ਆਈਲੈਂਡ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਨਿਰਮਲ ਸਿੰਘ ਕੰਗ, ਬਹੁਤ ਸਾਰੇ ਗੁਰੂਘਰਾਂ, ਸਭਾ ਸੁਸਾਇਟੀਆਂ ਤੇ ਜਥੇਬੰਦੀਆਂ ਆਦਿਕ ਸਮੂਹ ਨੇ ਖੇਡ ਮੇਲਾ ਸਫਲ ਬਣਾਉਣ ਤੇ ਸਭਨਾ ਮਾਇਆ ਦਾਨੀਆਂ, ਸਪੋਰਟਰਾਂ, ਸੇਵਾਦਾਰਾਂ, ਖਿਡਾਰੀਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਹੈ। ਸਿੱਖ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਵਲੋਂ ਜਿਨ੍ਹਾਂ-ਜਿਨ੍ਹਾਂ ਵੀਰਾਂ ਬਿਜ਼ਨਸਮੈਨਾਂ ਨੇ ਮਾਇਆ ਦੇ ਕੇ ਇਸ ਟੂਰਨਾਮੈਂਟ ਨੂੰ ਸਫਲ ਬਣਾਇਆ ਉਨ੍ਹਾਂ ਸਾਰੇ ਵੀਰਾਂ ਦਾ ਹੱਥ ਜੋੜ ਕੇ ਧੰਨਵਾਦ ਹੈ।

## ਐਸ.ਸੀ/ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਜ਼ਿਲ੍ਹਾ ਕਪੂਰਥਲਾ ਇਕਾਈ ਵੱਲੋਂ ਮੁੱਖ ਮੰਤਰੀ ਦੇ ਨਾ ਤੇ ਦਿੱਤਾ ਏ.ਡੀ.ਸੀ ਨੂੰ ਮੰਗ ਪੱਤਰ




ਫਗਵਾੜਾ (ਬੀ.ਕੇ.ਰੱਤੂ)– ਪੰਜਾਬ ਦੇ ਦਲਿਤ ਮੁਲਾਜ਼ਮਾਂ ਦੀ ਸਿਰਮੌਰ ਜੱਥੇਬੰਦੀ ਗਜ਼ਟਿਡ ਨਾਨ ਗਜ਼ਟਿਡ ਐਸ.ਸੀ./ਬੀ.ਸੀ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ (ਪੰਜਾਬ) ਦੀ ਜ਼ਿਲ੍ਹਾ ਕਪੂਰਥਲਾ ਇਕਾਈ ਵੱਲੋਂ ਜੱਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਦੀ ਅਗਵਾਈ ਵਿੱਚ ਸਥਾਨਿਕ ਅਡੀਸ਼ਨਲ ਡਿਪਟੀ ਕਮਿਸ਼ਨਰ ਫਗਵਾੜਾ ਨੂੰ ਲੰਬੇ ਸਮੇਂ ਤੋਂ ਲਟਕ ਰਹੀਆਂ ਦਲਿਤ ਮੁਲਾਜ਼ਮਾਂ ਦੀਆਂ ਮੰਗਾਂ ਲਈ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਮੰਗ ਪੱਤਰ ਦਿੱਤਾ ਗਿਆ। ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸਤਵੰਤ ਸਿੰਘ ਟੂਰਾ ਨੇ ਮੰਗਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰਮਚਾਰੀਆਂ ਦੀਆਂ ਤਰੱਕੀਆਂ ਰੋਸਟਰ ਮੁਤਾਬਕ ਕਰਨਾ,ਐਸ.ਸੀ/ਬੀ.ਸੀ. ਵਿਦਿਆਰਥੀਆਂ ਦੇ ਵਜੀਫੇ ਰਲੀਜ਼ ਕਰਨਾ,ਮਾਸਟਰ ਕਾਡਰ ਦੀ ਸੀਨੀਅਰਤਾ ਸੂਚੀ ਰੋਸਟਰ ਪੁਆਇੰਟ ਅਨੁਸਾਰ ਕਰਨਾ, ਵੱਖ-ਵੱਖ ਕਾਡਰਾਂ ਵਿੱਚ ਤਰੱਕੀਆਂ ਕਰਨੀਆਂ, ਤਰੱਕੀਆਂ ਵਿੱਚ ਰਾਖਵਾਂਕਰਨ ਪੰਜਾਬ ਸ਼ਡਿਊਲਡ/ਬੈਕਵਰਡ ਕਾਸਟ ਐਕਟ ਅਨੁਸਾਰ ਕਰਨਾ, ਤਰੱਕੀਆਂ ਵਿੱਚ ਐਸ.ਸੀ. ਵਰਗ ਦਾ ਬੈਕਲਾਗ ਪੂਰ ਕਰਨਾ, ਖਾਲੀ ਅਸਾਮੀਆਂ ਭਰਨਾ, ਸਕਲਰਸ਼ਿਪ ਸਕੀਮ ਲਾਗੂ ਕਰਨਾ ਆਦਿ।

## ਪੰਜਾਬ ਵਿਚ ਪ੍ਰਵਾਸੀਆਂ ਦੀਆਂ 60 ਫੀਸਦੀ ਸ਼ਿਕਾਇਤਾਂ ਜ਼ਮੀਨ ਅਤੇ 30 ਫੀਸਦੀ ਪਰਿਵਾਰਕ ਝਗੜਿਆਂ ਨਾਲ ਸਬੰਧਿਤ

ਜਲੰਧਰ– ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੇ ਮਾਮਲਿਆਂ ਦੇ ਸਮਾਂਬੱਧ ਨਿਪਟਾਰੇ ਲਈ ਸਥਾਪਿਤ ਕੀਤੇ ਗਏ ਵੱਖਰੇ ਐਨ. ਆਰ. ਆਈ ਪੁਲਿਸ ਵਿੰਗ ਨੇ ਇਸ ਸਾਲ ਆਈਆਂ 3700 ਸ਼ਿਕਾਇਤਾਂ ਵਿਚੋਂ ਹੁਣ ਤੱਕ 3000 ਦਾ ਨਿਪਟਾਰਾ ਕੀਤਾ ਹੈ। ਇਹ ਜਾਣਕਾਰੀ ਸਹਾਇਕ ਇੰਸਪੈਕਟਰ ਜਨਰਲ ਪੁਲਿਸ ਐਨ. ਆਰ. ਆਈ ਤੇ ਮਹਿਲਾ ਵਿੰਗ ਜਲੰਧਰ ਸ੍ਰੀ ਚਰਨਜੀਤ ਕੁਮਾਰ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਦਿੰਦਿਆਂ ਦੱਸਿਆ ਕਿ ਇਨ੍ਹਾਂ ਸ਼ਿਕਾਇਤਾਂ ਵਿਚੋਂ 60 ਫੀਸਦੀ ਸ਼ਿਕਾਇਤਾਂ ਜ਼ਮੀਨ, 30 ਫੀਸਦੀ ਪਰਿਵਾਰਕ ਝਗੜਿਆਂ ਅਤੇ 10 ਫੀਸਦੀ ਹੋਰ ਵੱਖ-ਵੱਖ ਤਰ੍ਹਾਂ ਦੇ ਮਾਮਲਿਆਂ ਨਾਲ ਸਬੰਧਿਤ ਹਨ। ਉਨ੍ਹਾਂ ਦੱਸਿਆ ਕਿ ਐਨ ਆਰ ਆਈ ਪੁਲਿਸ ਵਿੰਗ ਵਿਚ ਕੇਵਲ ਐਨ. ਆਰ. ਆਈ ਵੱਲੋਂ ਸ਼ਿਕਾਇਤਾਂ ਦੀ ਹੀ ਸੁਣਵਾਈ ਨਹੀਂ ਹੁੰਦੀ ਬਲਕਿ ਐਨ ਆਰ ਆਈ ਜ਼ ਦੇ ਖਿਲਾਫ਼ ਵੀ ਸ਼ਿਕਾਇਤਾਂ ਦਾ ਨਿਪਟਾਰਾ ਵੀ ਸਮਾਂਬੱਧ ਅਤੇ ਤਰਜੀਹ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਐਨ. ਆਰ. ਆਈ ਪੁਲਿਸ ਵਿੰਗ ਵੱਲੋਂ ਸ਼ਿਕਾਇਤ ਦਾ ਨਿਪਟਾਰਾ 15 ਦਿਨਾਂ ਦੇ ਅੰਦਰ ਕੀਤਾ ਜਾਂਦਾ ਹੈ ਅਤੇ ਸ਼ਿਕਾਇਤ ਦਸਤੀ, ਫੈਕਸ ਜਾਂ ਆਨਲਾਈਨ ਦਰਜ਼ ਕਰਵਾਈ ਜਾ ਸਕਦੀ ਹੈ। ਸ੍ਰੀ ਚਰਨਜੀਤ ਕੁਮਾਰ ਨੇ ਦੱਸਿਆ ਕਿ ਹਾਲ ਹੀ ਵਿਚ ਐਨ. ਆਰ. ਆਈ ਪੁਲਿਸ ਵਿੰਗ ਨੇ ਤਿੰਨ ਅਹਿਮ ਕੇਸਾਂ ਦਾ ਨਿਪਟਾਰਾ ਕੀਤਾ ਹੈ, ਜਿਨ੍ਹਾਂ ਵਿਚ ਟਰੈਵਲ ਏਜੰਟਾਂ, ਜਾਅਲਸਾਜ਼ੀ ਅਤੇ ਦਾਜ-ਦਹੇਜ ਦੇ ਕੇਸ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਮਾਮਲੇ ਵਿਚ ਮੁੱਖ ਥਾਣਾ ਅਫ਼ਸਰ ਐਨ ਆਰ ਆਈ ਜਲੰਧਰ ਇੰਸਪੈਕਟਰ ਦਲਬੀਰ ਸਿੰਘ ਨੇ ਟਰੈਵਲ ਏਜੰਟ ਦੀ ਠੱਗੀ ਦਾ ਸ਼ਿਕਾਰ ਹੋਏ ਨੌਜਵਾਨ ਦਾ ਮਾਮਲਾ ਹੱਲ ਕਰਦਿਆਂ ਉਸ ਨੂੰ ਇਨਸਾਫ਼ ਦਿਵਾਇਆ ਹੈ। ਉਨ੍ਹਾਂ ਦੱਸਿਆ ਕਿ ਇਕ ਫੈਕਟਰੀ ਵਿਚ ਲੇਬਰ ਦਾ ਕੰਮ ਕਰਦੇ ਰਾਮ ਅਚਲ ਵਾਸੀ ਉੱਤਰ ਪ੍ਰਦੇਸ ਹਾਲ ਵਾਸੀ ਮੁਹੱਲਾ ਜੈਮਲ ਨਗਰ, ਚੁਗਿੱਟੀ ਜਲੰਧਰ ਨੇ ਦਰਖ਼ਾਸਤ ਦਿੱਤੀ ਸੀ ਕਿ ਉਸ ਦੇ ਲੜਕੇ ਈਸ਼ਵਰ ਨੂੰ ਟਰੈਵਲ ਏਜੰਟਾਂ ਅੰਮ੍ਰਿਤ ਲਾਲ ਅਤੇ ਸ਼ਾਮ ਦਾਸ ਵਾਸੀਆਨ ਜਲੰਧਰ ਨੇ ਮਲੇਸ਼ੀਆ ਵਿਖੇ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 1.50 ਲੱਖ ਰੁਪਏ ਹਾਸਲ ਕਰਕੇ ਮਲੇਸ਼ੀਆ ਭੇਜ ਦਿੱਤਾ ਪਰੰਤੂ ਉਥੇ ਭੇਜ ਕੇ ਨਾ ਹੀ ਉਸ ਨੂੰ ਨੌਕਰੀ 'ਤੇ ਲਗਾਇਆ ਅਤੇ ਨਾ ਹੀ ਉਸ ਦਾ ਪਾਸਪੋਰਟ ਦਿੱਤਾ ਜਿਸ ਕਰਕੇ ਉਹ ਵਾਪਸ ਭਾਰਤ ਵੀ ਨਹੀਂ ਆ ਸਕਦਾ।

ਮਲੇਸ਼ੀਆ ਪੁਲਿਸ ਦੀ ਛਾਪੇਮਾਰੀ ਕਾਰਨ ਉਹ ਉਥੇ ਲੁਕ-ਛਿਪ ਕੇ ਰਹਿ ਰਿਹਾ ਸੀ ਅਤੇ ਉਸ ਨੂੰ ਰਹਿਣ ਅਤੇ ਖਾਣੇ ਦੀ ਵੀ ਤੰਗੀ ਸੀ। ਉਸ ਨੇ ਆਪਣੇ ਲੜਕੇ ਨੂੰ ਵਾਪਸ ਭਾਰਤ ਮੰਗਵਾਉਣ ਦੀ ਮੰਗ ਕੀਤੀ ਸੀ। ਇਸ 'ਤੇ ਮੁੱਖ ਥਾਣਾ ਅਫ਼ਸਰ ਨੇ ਇਹ ਮਾਮਲਾ ਆਈ ਜੀ ਐਨ. ਆਰ. ਆਈ ਤੇ ਮਹਿਲਾ ਵਿੰਗ ਪੰਜਾਬ ਦੇ ਧਿਆਨ ਵਿਚ ਲਿਆਂਦਾ ਜਿਨ੍ਹਾਂ ਦੇ ਦਿਸ਼ਾ-ਨਿਰਦੇਸ਼ ਹੇਠ ਇਸ ਬਾਰੇ ਵਿਦੇਸ਼ ਮੰਤਰਾਲਾ, ਭਾਰਤ ਸਰਕਾਰ ਨਵੀਂ ਦਿੱਲੀ ਨੂੰ ਭਾਰਤੀ ਅੰਬੈਸੀ, ਮਲੇਸ਼ੀਆ ਨਾਲ ਰਾਬਤਾ ਕਰਕੇ ਦਰਖਾਸਤ ਕਰਤਾ ਦੇ ਲੜਕੇ ਈਸ਼ਵਰ ਨੂੰ ਭਾਰਤ ਮੰਗਵਾਉਣ ਲਈ ਉਪਰਾਲਾ ਕੀਤੇ ਜਾਣ ਲਈ ਲਿਖਿਆ ਗਿਆ।

ਇਸ 'ਤੇ ਵਿਦੇਸ਼ ਮੰਤਰਾਲੇ ਵੱਲੋਂ ਭਾਰਤੀ ਹਾਈ ਕਮਿਸ਼ਨ, ਕੁਆਲਾਲੰਪੁਰ (ਮਲੇਸ਼ੀਆ) ਨੂੰ ਦਰਖ਼ਾਸਤ ਕਰਤਾ ਦੇ ਲੜਕੇ ਨੂੰ ਭਾਰਤ ਵਾਪਸ ਭੇਜਣ ਸਬੰਧੀ ਲਿਖਿਆ ਗਿਆ। ਇਸ 'ਤੇ ਈਸ਼ਵਰ ਨੂੰ ਐਮਰਜੈਂਸੀ ਸਰਟੀਫਿਕੇਟ ਰਾਹੀਂ ਮਿਤੀ 29 ਮਈ 2014 ਨੂੰ ਕਰੀਬ ਡੇਢ ਸਾਲ ਬਾਅਦ ਦਿੱਲੀ ਹਵਾਈ ਅੱਡੇ ਭੇਜਿਆ ਗਿਆ। ਇਸ ਤੋਂ ਬਾਅਦ ਮੁੱਖ ਥਾਣਾ ਅਫ਼ਸਰ ਨੇ ਪੈਰਵੀ ਕੀਤੀ ਅਤੇ ਉਕਤ ਟਰੈਵਲ ਏਜੰਟਾਂ ਨੇ ਪੜਤਾਲ ਦੌਰਾਨ ਰਾਜ਼ੀਨਾਮਾ ਕਰਕੇ ਦਰਖਾਸਤ ਕਰਤਾ ਨੂੰ 1.50 ਲੱਖ ਰੁਪਏ ਵਾਪਸ ਦਿਵਾ ਕੇ ਇਕ ਗਰੀਬ ਪਰਿਵਾਰ ਨੂੰ ਇਨਸਾਫ਼ ਦਿਵਾਇਆ। ਇਸੇ ਤਰ੍ਹਾਂ ਦੂਸਰੇ ਮਾਮਲੇ ਵਿਚ ਇੰਸਪੈਕਟਰ ਸ਼ਾਹਬਾਜ਼ ਸਿੰਘ ਮੁੱਖ ਅਫ਼ਸਰ ਥਾਣਾ ਐਨ ਆਰ ਆਈ ਨੂੰ ਤਜਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਤੰਦਾ ਉਰਾ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਨੇ ਦਰਖ਼ਾਸਤ ਦਿੱਤੀ ਕਿ ਕਿਸੇ ਵਿਅਕਤੀ ਨੇ ਉਸ ਦਾ ਜਾਅਲੀ ਡਰਾਈਵਿੰਗ ਲਾਈਸੈਂਸ ਅਤੇ ਜਾਅਲੀ ਰਾਸ਼ਨ ਕਾਰਡ ਦੀ ਵਰਤੋਂ ਕਰਕੇ ਸਟੇਟ ਬੈਂਕ ਆਫ ਪਟਿਆਲਾ ਨਕੋਦਰ ਬ੍ਰਾਂਚ ਵਿਚ ਖਾਤਾ ਖੁੱਲ੍ਹਵਾਇਆ ਅਤੇ ਫਿਰ ਜ਼ਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਸ ਦੀ ਜ਼ਮੀਨ 'ਤੇ 15 ਲੱਖ ਰੁਪਏ ਦਾ ਕਰਜ਼ਾ ਲੈਣ ਦੀ ਕੋਸ਼ਿਸ਼ ਕੀਤੀ।

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਦੂਜਾ ਮਹਾਨ ਨਗਰ ਕੀਰਤਨ ਅਮਿੱਟ ਛਾਪ ਛੱਡਦਾ ਸੰਪੰਨ ਹੋਇਆ

ਨਿਊਯਾਰਕ- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਵਿਚ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਦੂਜਾ ਮਹਾਨ ਨਗਰ ਕੀਰਤਨ ਬੀਤੀ 12 ਜੁਲਾਈ ਦਿਨ ਸ਼ਨੀਵਾਰ ਨੂੰ ਪੰਜ ਪਿਆਰਿਆਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਮਿੰਨੀ ਪੰਜਾਬ ਨਾਮ ਨਾਲ ਜਾਣੇ ਜਾਂਦੇ ਜੈਕਸਨ ਹਾਈਟਸ ਏਰੀਆ ਵਿਚ ਸਜਾਇਆ ਗਿਆ। 4 ਜੁਲਾਈ ਤੋਂ 13 ਜੁਲਾਈ ਤੱਕ ਵਿਸ਼ੇਸ਼ ਦੀਵਾਨ ਵੀ ਹਰ ਰੋਜ਼ ਗੁਰੂ ਘਰ ਵਿਚ ਆਯੋਜਿਤ ਕੀਤੇ, ਜਿਹਨਾਂ ਵਿਚ ਪੰਥ ਪ੍ਰਸਿੱਧ ਕੀਰਤਨੀਏ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ, ਅੰਮ੍ਰਿਤਸਰ ਵਾਲੇ, ਭਾਈ ਪਦਮ ਸਿੰਘ ਲੁਧਿਆਣੇ ਵਾਲੇ, ਕਥਾਵਾਚਕ ਭਾਈ ਪਰਮਜੀਤ ਸਿੰਘ ਉਤਰਾਖੰਡ ਵਾਲੇ ਅਤੇ ਢਾਡੀ ਭਾਈ ਹਰਬੰਸ ਸਿੰਘ ਬਿਲਗਾ ਵਾਲੇ ਪ੍ਰਬੰਧਕਾਂ ਵੱਲੋਂ ਉਚੇਚੇ ਤੌਰ ਤੇ ਬੁਲਾ ਕੇ ਸੰਗਤਾਂ ਨਾਲ ਕੀਰਤਨ, ਕਥਾ ਅਤੇ ਢਾਡੀ ਵਾਰਾਂ ਦੀ ਸਾਂਝ ਪੁਆਈ। ਹਰ ਰੋਜ਼ ਸੰਗਤਾਂ ਵੱਲੋਂ ਭਾਰੀ ਉਤਸ਼ਾਹ ਵਿਖਾਇਆ ਗਿਆ। ਜਿਹੜੀ ਸੰਗਤ ਇਹਨਾਂ ਦੀਵਾਨਾਂ ਵਿਚ ਨਹੀਂ ਪਹੁੰਚ ਸਕੀ ਉਹਨਾਂ ਨੂੰ ਘਰ ਵਿਚ ਹੀ ਇਹਨਾਂ ਮਹਾਨ ਦੀਵਾਨਾਂ ਦੇ ਦਰਸ਼ਨਾਂ ਲਈ ਵਿਸ਼ੇਸ਼ ਪ੍ਰਬੰਧ ਗਲੋਬਲ ਪੰਜਾਬ ਟੀ. ਵੀ. ਵੱਲੋਂ ਕੀਤੇ ਗਏ ਜੋ ਕਿ ਹਰ ਰੋਜ਼ ਸਵੇਰੇ 9 ਤੋਂ 10.30 ਸਵੇਰੇ ਦਿਖਾਇਆ ਜਾਂਦਾ ਸੀ।

ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਜੋ ਕਿ ਫਰਵਰੀ ਵਿਚ ਆਉਂਦਾ ਹੈ, ਉਸ ਵਕਤ ਠੰਡ ਤੇ ਬਰਫ਼ ਬਹੁਤ ਪੈਂਦੀ ਹੈ, ਨਗਰ ਕੀਰਤਨ ਨਹੀਂ ਨਿਕਲ ਸਕਦਾ, ਦੂਜਾ ਬੱਚਿਆਂ ਨੂੰ ਛੁੱਟੀਆਂ ਨਹੀਂ ਹੁੰਦੀਆਂ ਤੇ ਜਿਹਨਾਂ ਬੱਚਿਆਂ ਦੀਆਂ ਸੇਵਾਵਾਂ ਵੀ ਪ੍ਰਾਪਤ ਨਹੀਂ ਹੋ ਸਕਦੀਆਂ, ਇਸ ਨੂੰ ਮੁੱਖ ਰੱਖਦੇ ਹੋਏ ਪ੍ਰਬੰਧਕਾਂ ਵੱਲੋਂ ਇਹ ਨਗਰ ਕੀਰਤਨ ਜੁਲਾਈ ਵਿਚ ਸੰਗਤ ਦੇ ਸਹਿਯੋਗ ਨਾਲ ਕੱਢਿਆ ਗਿਆ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸਾਡੇ ਪ੍ਰਤੀਨਿਧ ਨਾਲ ਗੱਲ ਕਰਦਿਆਂ ਦੱਸਿਆ ਕਿ ਪਿਛਲੇ ਸਾਲ ਤੋਂ ਸੰਗਤਾਂ ਨੇ ਗੁਰੂ ਘਰ ਦੀ ਸੇਵਾ ਸੰਭਾਲ ਸੰਭਾਲੀ, ਉਦੋਂ ਤੋਂ ਹੀ ਆਪਦੇ ਉਪਰ ਗੁਰੂ ਮਹਾਰਾਜ ਜੀ ਦੇ ਕਰਜ਼ ਨੂੰ ਅਤੇ ਸੰਗਤ ਦੇ ਵਿਸ਼ਵਾਸ ਨੂੰ ਮਹਿਸੂਸ ਕਰਦਿਆਂ ਛੋਟੇ ਛੋਟੇ ਉਪਰਾਲੇ ਸ਼ੁਰੂ ਕੀਤੇ ਗਏ ਜੋ ਕਿ ਗੁਰੂ ਘਰ ਦੇ 25 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਏ ਸਨ, ਜਿਵੇਂ ਕਿ ਗੁਰੂ ਘਰ ਤੋਂ ਕਵੀ ਦਰਬਾਰ, ਰਾਗ ਦਰਬਾਰ, ਬੱਚਿਆਂ ਲਈ ਸਕੂਲ ਦੀ ਸ਼ੁਰੂਆਤ, ਬੱਚਿਆਂ ਦੇ ਗੁਰਬਾਣੀ ਇਤਿਹਾਸ, ਲਿਖਤੀ ਟੈਸਟ ਮੁਕਾਬਲੇ, ਬੱਚਿਆਂ ਲਈ ਕੀਰਤਨ ਦੀ ਸ਼ੁਰੂਆਤ, ਮੁਫਤ ਮੈਡੀਕਲ ਕੈਂਪ, ਢਾਡੀ ਦਰਬਾਰ, ਕੀਰਤਨ ਦਰਬਾਰ, ਡਰਾਈਵ ਕੈਂਪ ਅਤੇ ਗੁਰੂ ਘਰ ਤੋਂ ਪੂਰੀ ਦੁਨੀਆਂ ਵਿਚ ਲਾਈਵ ਪ੍ਰੋਗਰਾਮ ਆਦਿ ਦੀ ਸ਼ੁਰੂਆਤ ਕੀਤੀ ਗਈ। ਇਹਨਾਂ ਦੇ ਨਾਲ ਹੀ ਇਹ ਵੀ ਮਹਿਸੂਸ ਕੀਤਾ ਗਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਬਾਣੀ ਦੀ ਵਿਚਾਰਧਾਰਾ, ਜਿਸ ਵਿਚ ਬੇਗਮਪੁਰੇ ਦੀਆਂ ਬਾਤਾਂ, ਸਾਧ ਸੰਗਤ ਦੀ ਵਿਚਾਰਧਾਰਾ ਏਕ ਪਿਤਾ, ਸਰਬ ਸਾਂਝੀਵਾਲਤਾ ਦੀ ਵਿਚਾਰਧਾਰਾ ਪਈ ਹੈ, ਉਸਦੀ ਗੁਰੂ ਘਰ ਦੀ ਚਾਰਦੀਵਾਰੀ ਤੋਂ ਬਾਹਰ ਕੱਢ ਕੇ ਮਾਨਵਤਾ ਦੇ ਹਿਰਦਿਆਂ ਤੱਕ ਪਹੁੰਚਾਉਣ ਲਈ ਪਿਛਲੇ ਸਾਲ ਨਗਰ ਕੀਰਤਨ ਦੇ ਰੂਪ ਵਿਚ ਸਹਾਰਾ ਲਿਆ ਗਿਆ। ਪਿਛਲੇ ਸਾਲ ਭਾਵੇਂ ਇਹ ਪਹਿਲਾ ਕਦਮ ਸੀ ਪਰ ਸੰਗਤਾਂ ਦੇ ਅਥਾਹ ਪਿਆਰ ਸਹਿਯੋਗ ਨੇ ਅਗਲੇਰੇ ਕਦਮ ਪੁੱਟਣ ਲਈ ਮਜਬੂਰ ਕੀਤਾ। ਸੰਗਤਾਂ ਦੇ ਅਥਾਹ ਪਿਆਰ ਸਹਿਯੋਗ ਨਾਲ ਇਹ ਦੂਸਰਾ ਮਹਾਨ ਨਗਰ ਕੀਰਤਨ 12 ਜੁਲਾਈ ਨੂੰ ਗੁਰੂ ਰਵਿਦਾਸ ਗੁਰੂ ਘਰ ਤੋਂ ਆਰੰਭ ਕੀਤਾ ਗਿਆ।

ਨਿਊਯਾਰਕ, ਨਿਊਜਰਸੀ, ਕਨੈਕਟੀਕਟ, ਪੈਨਸਵੇਨੀਆ, ਵਰਜੀਨੀਆ, ਫਿਲਾਡਲਫੀਆ ਡੀ. ਸੀ., ਇੰਡੀਆ, ਕੈਲੇਫੋਰਨੀਆ ਅਤੇ ਕੈਨੇਡਾ ਤੋਂ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਪਹੁੰਚੀਆਂ। ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਨੌਜਵਾਨ ਜਥੇਬੰਦੀਆਂ, ਜਿਹਨਾਂ ਵਿਚ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਿੱਖ ਕਲਚਰਲ ਸੁਸਾਇਟੀ, ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ, ਪੰਥਕ ਸਿੱਖ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸੁਸਾਇਟੀ, ਸ਼ਹੀਦ ਊਧਮ ਸਿੰਘ ਸੁਸਾਇਟੀ, ਗੁਰੂ ਘਰ ਸੰਤ ਸਾਗਰ, ਸਿੱਖ ਸੈਂਟਰ ਫਲੱਸਿੰਗ, ਭਗਵਾਨ ਵਾਲਮੀਕ ਸੁਸਾਇਟੀ ਨਿਊਯਾਰਕ, ਬਾਬਾ ਬੰਦਾ ਸਿੰਘ ਬਹਾਦਰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਸਿੱਖ ਸੁਸਾਇਟੀ, ਬਾਬਾ ਮਾਝਾ ਸਿੰਘ ਸਿੰਘ ਗੁਰੂ ਘਰ, ਭਾਈ ਲਾਲੋ ਸਿੱਖ ਸੁਸਾਇਟੀ, ਗੁਰੂ ਘਰ ਰਾਮਗੜ੍ਹੀਆ ਸਿੱਖ ਸੁਸਾਇਟੀ, ਸਿੱਖ ਯੂਥ ਆਫ ਅਮਰੀਕਾ, ਬਾਬਾ ਬੁੱਢਾ ਜੀ ਸਿੱਖ ਸੁਸਾਇਟੀ, ਸੰਤ ਪ੍ਰੇਮ ਸਿੰਘ ਸਿੱਖ ਸੁਸਾਇਟੀ, ਗੁਰੂ ਘਰ ਫਿਲਾਡਲਫੀਆ ਸਿੱਖ ਸੁਸਾਇਟੀ, ਗੁਰੂ ਘਰ ਨਿਊਜਰਸੀ ਅਤੇ ਕਾਰਟਰੇਟ ਅਮੈਰਿਕਨ ਸਿੱਖ ਅਵੇਅਰਨੈਸ ਆਦਿ ਦੇ ਮੁਖੀਆਂ, ਪ੍ਰਬੰਧਕਾਂ ਅਤੇ ਸੰਗਤ ਨੇ ਸ਼ਮੂਲੀਅਤ ਕੀਤੀ।

ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵੱਲੋਂ ਵੀ ਵਿਸ਼ੇਸ਼ ਕਵਰੇਜ਼ ਕੀਤੀ ਗਈ। ਪ੍ਰਿੰਟ ਮੀਡੀਏ ਵਿਚ ਸ਼ੇਰੇ ਪੰਜਾਬ, ਸ਼ਾਨ ਪੰਜਾਬ ਦੀ, ਹਮਦਰਦ, ਅਜੀਤ ਜਲੰਧਰ, ਜੱਗਬਾਣੀ, ਆਵਾਜ਼ ਪੰਜਾਬ ਦੀ, ਅਪਨਾ ਪੰਜਾਬ, ਪੰਜਾਬ ਐਕਸਪ੍ਰੈਸ, ਪੰਜਾਬ ਟਾਈਮਜ਼, ਸਾਡੇ ਲੋਕ, ਅੰਬੇਦਕਰ ਟਾਈਮਜ਼ ਅਤੇ ਮਹਿਕ ਵਤਨ ਦੀ ਪਰਚਿਆਂ ਦੇ ਸੰਪਾਦਕਾਂ ਨੇ ਇਸ ਨਗਰ ਕੀਰਤਨ ਵਿਚ ਹਾਜ਼ਰੀ ਲਵਾ ਕੇ ਵਿਸ਼ੇਸ਼ ਕਵਰੇਜ਼ ਕੀਤੀ। ਇਲੈਕਟ੍ਰਾਨਿਕ ਮੀਡੀਆ ਵਿਚ ਗਲੋਬਲ ਪੰਜਾਬ, ਪੀ. ਟੀ. ਸੀ. ਪੰਜਾਬ, ਟੀ. ਵੀ. ਏਸ਼ੀਆ ਅਤੇ ਜੱਸ ਪੰਜਾਬੀ ਵੱਲੋਂ ਵਿਸ਼ੇਸ਼ ਕਵਰੇਜ ਕੀਤੀ। ਗਲੋਬਲ ਪੰਜਾਬ ਅਤੇ ਪੀ. ਟੀ. ਸੀ. ਪੰਜਾਬੀ ਵੱਲੋਂ ਇਸ ਨਗਰ ਕੀਰਤਨ ਨੂੰ ਦੁਨੀਆਂ ਵਿਚ ਆਪਣੇ ਦਰਸ਼ਕਾਂ ਦੀ ਦਹਿਲੀਜ਼ ਤੱਕ ਪਹੁੰਚਾਇਆ।

ਨਗਰ ਕੀਰਤਨ ਵਿਚ ਨਿਊਯਾਰਕ ਸਿਟੀ ਤੇ ਲੋਕਲ ਰਾਜਨੀਤਿਕ ਹਸਤੀਆਂ ਵੀ ਪਹੁੰਚੀਆਂ, ਜਿਹਨਾਂ ਵਿਚ ਕੌਂਸਲਮੈਨ ਜਿੰਮੀ ਬਾਰਨਰ, ਬੋਰੋ ਪ੍ਰੈਜ਼ੀਡੈਂਟ, ਸਿਟੀ ਕੰਟਰੋਲਰ, ਕਾਂਗਰਸਮੈਨ, ਪੁਲਿਸ ਕੈਪਟਨ ਅਤੇ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਨਗਰ ਕੀਰਤਨ ਦੀ ਗੁਰੂ ਘਰ ਤੋਂ ਸ਼ੁਰੂਆਤ ਤੋਂ ਲੈ ਕੇ ਮੁੜ ਕੇ ਆਉਣ ਤੱਕ ਗੁਰਬਾਣੀ ਕੀਰਤਨ, ਢਾਡੀ, ਕਵੀਸਰ ਸੰਗਤਾਂ ਨਾਲ ਗੁਰਬਾਣੀ ਕੀਰਤਨ, ਕਵੀਸਰੀ ਕਵਿਤਾਵਾਂ, ਢਾਡੀ ਵਾਰਾਂ ਨਾਲ ਸਾਂਝ ਪਾ ਰਹੇ ਸਨ।

ਨਗਰ ਕੀਰਤਨ ਵਿਚ ਪਹੁੰਚੀਆਂ ਸੰਗਤਾਂ ਦੀ ਹਰ ਸੁਵਿਧਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਗੁਰੂ ਘਰ ਦੇ ਸ਼ਰਧਾਲੂਆਂ ਵੱਲੋਂ ਗੁਰੂ ਘਰ ਦੇ ਬਾਹਰ 61 ਸਟਰੀਟ ਜਿਹੜੀ ਕਿ ਪੁਲਿਸ ਡਿਪਾਰਟਮੈਂਟ ਵੱਲੋਂ ਬੰਦ ਕੀਤੀ ਗਈ, ਉਸ ਉਪਰ ਖਾਣ ਪੀਣ ਦੇ ਵਿਸ਼ੇਸ਼ ਸਟਾਲ, ਜਿਹਨਾਂ ਵਿਚ ਗੰਨੇ ਦਾ ਤਾਜ਼ਾ ਰਸ, ਫਲਾਂ ਦਾ ਤਾਜ਼ਾ ਜੂਸ, ਛੋਲੇ ਭਟੂਰੇ, ਗੋਲ ਗੱਪੇ, ਆਈਸ ਕ੍ਰੀਮ, ਪੀਜ਼ਾ, ਹਦਵਾਣੇ ਖਰਬੂਜੇ, ਠੰਡੇ ਪਾਣੀ ਸੋਡੇ ਦੀ ਸੇਵਾ, ਧਾਰਮਿਕ ਕੈਸਟਾਂ ਤੇ ਸੀ. ਡੀ., ਬਲੱਡ ਡਰਾਈਵਰ ਦੇ ਬੱਚਿਆਂ ਦੇ ਨੀਲੀਆਂ ਦਸਤਾਰਾਂ ਸਜਾਉਣ ਲਈ ਵਿਸ਼ੇਸ਼ ਸਟਾਲ ਲੱਗੇ ਸਨ। ਨਗਰ ਕੀਰਤਨ ਦੇ ਰਸਤੇ ਵਿਚ ਵੀ ਵੱਖ ਵੱਖ ਖਾਣ ਪੀਣ ਦੇ ਸਟਾਲ ਦੇਖੇ ਸਨ।

ਪ੍ਰਬੰਧਕਾਂ ਦੀ ਕਈ ਦਿਨਾਂ ਦੀ ਭੱਜ ਦੌੜ ਬੇਆਰਾਮੀ ਉਦੋਂ ਖੁਸ਼ੀਆਂ ਵਿਚ ਬਦਲ ਗਈ, ਜਦੋਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਮੇਂ ਤੋਂ ਵੀ ਪਹਿਲਾਂ ਗੁਰੂ ਘਰ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋ ਗਿਆ। ਇਹਨਾਂ ਮਹਾਨ ਦੀਵਾਨਾਂ ਵਿਚ ਜਿੱਥੇ ਸੰਗਤ ਨੇ ਸਰੀਰਕ ਤੌਰ ਤੇ ਸੇਵਾ ਕੀਤੀ, ਉਥੇ ਗੁਰੂ ਘਰ ਨੂੰ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚ ਮਾਇਆ ਪਹੁੰਚਾ ਕੇ ਵੀ ਗੁਰੂ ਘਰ ਦੀਆਂ ਖੁਸ਼ੀਆਂ ਵੀ ਮਾਣੀਆਂ। ਨਗਰ ਕੀਰਤਨ ਵਿਚ ਵੱਖ ਵੱਖ ਸੇਵਾਵਾਂ ਨਿਭਾਉਣ ਵਾਲੀਆਂ ਸ਼ਖਸੀਅਤਾਂ ਨੂੰ ਗੁਰੂ ਘਰ ਵੱਲੋਂ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ ਗਿਆ। ਨਗਰ ਕੀਰਤਨ ਵਿਚ ਪਹੁੰਚੀਆਂ ਸੰਗਤਾਂ ਪ੍ਰਬੰਧਕਾਂ ਵੱਲੋਂ ਆਰੰਭੇ ਇਸ ਨੇਕ ਕਾਰਜ ਦੀ ਪ੍ਰਸੰਸਾ ਕਰ ਰਹੀਆਂ ਸਨ। ਗੁਰੂ ਘਰਾਂ ਵਿਚ ਇਹੋ ਜਿਹੇ ਕਾਰਜ ਰਲ ਮਿਲ ਕੇ ਹੋਣੇ ਚਾਹੀਦੇ ਹਨ। ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਸੰਗਤ ਤੋਂ ਮਿਲੇ ਭਰਵੇਂ ਸਹਿਯੋਗ ਲਈ ਧੰਨਵਾਦ ਕੀਤਾ ਗਿਆ, ਉਥੇ ਨਾਲ ਹੀ ਗੁਰੂ ਘਰ ਤੋਂ ਆਉਣ ਵਾਲੇ ਸਮੇਂ ਵਿਚ ਹੋਰ ਵੀ ਚੜ੍ਹਦੀ ਕਲਾ ਦੇ ਪ੍ਰੋਗਰਾਮ ਉਲੀਕਣ ਦਾ ਵਾਅਦਾ ਕੀਤਾ ਗਿਆ।

(ਰਿਪੋਰਟ ਨਿਰਮਲ ਸਿੰਘ)

## ਰਾਸ਼ਟਰੀ ਚਮਾਰ ਮਹਾਂਸੰਮੇਲਨ





ਝਾਂਸੀ (ਉਤਰ ਪ੍ਰਦੇਸ਼) ਵਿਚ ਹੋਏ ਰਾਸ਼ਟਰੀ ਚਮਾਰ ਮਹਾਂਸੰਮੇਲਨ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਡਾ. ਇੰਦੂ ਚੌਧਰੀ ਅਤੇ ਡਾ. ਵਜਿੰਦਰ। ਸੰਮੇਲਨ ਵਿਚ ਭਾਗ ਲੈਣ ਵਾਲੇ ਲੋਕਾਂ ਦੀ ਇਕ ਝਲਕ।

ਡਾ. ਇੰਦੂ ਚੌਧਰੀ ਅਤੇ ਡਾ. ਵਜਿੰਦਰ

## ਹਾਈਕੋਰਟ ਪਹੁੰਚੀ ਪੀੜਤ ਨਾਬਾਲਗ ਲੜਕੀ ਦੀ ਮਾਂ

ਸ੍ਰੀ ਮੁਕਤਸਰ ਸਾਹਿਬ- ਸ਼ੇਖ ਫਰੀਦ ਬਸਤੀ ਵਿਚ 30 ਅਪ੍ਰੈਲ ਨੂੰ ਨਾਬਾਲਗ ਨਾਲ ਛੇੜਛਾੜ ਕਰਨ ਵਾਲੇ ਦੋਸ਼ੀ ਕਾਰ ਸੇਵਾ ਵਾਲੇ ਬਾਬੇ ਜਸਵਿੰਦਰ ਸਿੰਘ ਕਾਕਾ ਦੀ ਗ੍ਰਿਫਤਾਰੀ ਅਤੇ ਪਰਚੇ ਦੇ ਸੈਕਸ਼ਨਾਂ ਵਿਚ ਪ੍ਰੀਵੈਨਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਅਫੈਂਸ ਐਕਟ 2012 ਦਾ ਵਾਧਾ ਕਰਨ ਦੀ ਮੰਗ ਨੂੰ ਲੈ ਕੇ ਪੀੜਤਾ ਦੀ ਮਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਸ਼ਰਨ ਵਿਚ ਪਹੁੰਚ ਗਈ ਹੈ।

ਨਾਬਾਲਗ ਦੀ ਮਾਂ ਕੁਲਵਿੰਦਰ ਕੌਰ ਨੇ ਐਡਵੋਕੇਟ ਸੁਦੇਸ਼ ਕੁਮਾਰ ਖੁਰਚਾ ਦੇ ਜ਼ਰੀਏ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਜਸਟਿਸ ਅਨੀਤਾ ਚੌਧਰੀ ਦੀ ਅਦਾਲਤ ਵਿਚ ਰਿੱਟ ਦਾਇਰ ਕਰਕੇ ਇਨਸਾਫ ਦੀ ਬੇਨਤੀ ਕੀਤੀ ਹੈ। ਰਿੱਟ ਵਿਚ ਸ਼ਿਕ-ਾਇਤ ਕੀਤੀ ਗਈ ਹੈ ਕਿ ਇਕ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੋਂ ਛੇੜਛਾੜ ਦਾ ਪਰਚਾ ਦਰਜ ਹੋਣ ਦੇ ਬਾਵਜੂਦ ਨਾ ਤਾਂ ਦੋਸ਼ੀ ਬਾਬੇ ਜਸਵਿੰਦਰ ਸਿੰਘ ਦੀ ਹੁਣ ਤੱਕ ਪੁਲਿਸ ਨੇ ਗ੍ਰਿਫ਼ਤਾਰ ਕੀਤੀ ਹੈ ਅਤੇ ਨਾ ਹੀ ਇਸ ਮੁਕੱਦਮੇ ਵਿਚ ਪ੍ਰੀਵੈਨਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਅਫੈਂਸ ਐਕਟ 2012 ਦੀ ਧਾਰਾ ਲਗਾਈ ਗਈ ਹੈ, ਜਦਕਿ ਛੇੜਛਾੜ ਪੀੜਤ ਲੜਕੀ ਦੀ ਉਮਰ ਕੇਵਲ 12 ਸਾਲ ਹੈ। ਪੀੜਤਾ ਦੀ ਮਾਂ ਨੇ ਅਦਾਲਤ ਤੋਂ ਉਹਨਾਂ ਦੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਵੀ ਮੰਗ ਕੀਤੀ ਹੈ ਤਾਂ ਜੋ ਕੋਈ ਉਹਨਾਂ ਨੂੰ ਡਰਾ ਧਮਕਾ ਨਾ ਸਕੇ। ਜਸਟਿਸ ਅਨੀਤਾ ਚੌਧਰੀ ਦੀ ਅਦਾਲਤ ਨੇ ਇਸ ਮਾਮਲੇ ਵਿਚ ਆਗਾਮੀ 12 ਸਤੰਬਰ ਤੋਂ ਪਹਿਲਾਂ ਜ਼ਿਲ੍ਹਾ ਪੁਲਿਸ ਤੋਂ ਜਵਾਬ ਮੰਗਿਆ ਹੈ।

## ਆਪ ਪਾਰਟੀ ਆਗੂ ਭਾਈ ਬਲਦੀਪ ਸਿੰਘ ਦਾ ਸ਼ਾਨਦਾਰ ਸਵਾਗਤ



ਕੈਲੀਫੋਰਨੀਆ (ਮਹਿੰਦਰ ਸਿੰਘ ਕੰਡਾ)-ਆਮ ਆਦਮੀ ਪਾਰਟੀ ਦੇ ਆਗੂ ਭਾਈ ਬਲਦੀਪ ਸਿੰਘ ਅੱਜ ਕਲ੍ਹ ਅਮਰੀਕਾ ਦੌਰੇ 'ਤੇ ਹਨ। ਇਸੇ ਹੀ ਦੌਰੇ ਤਹਿਤ ਉਹ ਮੋਡੈਸਟੋ ਸੀਰਸ ਗੁਰੂ ਘਰ ਵਿਖ ਆਏ ਜਿਥੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

ਸਭ ਤੋਂ ਪਹਿਲਾਂ ਸਰਦੂਲ ਸਿੰਘ ਬਾਜਵਾ ਨੇ ਸੰਗਤ ਨੂੰ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਬੂਟਾ ਬਾਸੀ ਸੰਪਾਦਕ ਸਾਂਝੀ ਸੋਚ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਭਾਈ ਬਲਦੀਪ ਸਿੰਘ ਨੇ ਕੀਰਤਨ ਕੀਤਾ ਤੇ ਸੰਗਤਾਂ ਨਾਲ ਧਾਰਮਿਕ ਵਿਚਾਰਾਂ ਸਾਂਝੀਆਂ ਕੀਤੀਆਂ। ਬਾਅਦ ਵਿਚ ਭਾਈ ਬਲਦੀਪ ਸਿੰਘ ਟਰਲੱਕ ਗੁਰੂ ਘਰ ਵਿਖੇ ਗਏ ਜਿਥੇ ਸਕੱਤਰ ਗੁਰਜੀਤ ਸਿੰਘ ਚਾਹਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਸੰਗਤ ਨੇ ਉਨ੍ਹਾਂ ਦਾ ਸਵਾਗਤ ਕੀਤਾ। ਮੁਖ ਸਮਾਗਮ ਇੰਡੀਅਨ ਸਵੀਟ ਸ਼ਾਪ ਵਿਖੇ ਹੋਇਆ ਜਿਥੇ ਬਾਬਾ ਬਲਦੀਪ ਸਿੰਘ ਮਿਥੇ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਪੁੱਜ ਗਏ। ਇਸ ਮੌਕੇ 100 ਦੇ ਕਰੀਬ ਪਤਵੰਤੇ ਸੱਜਣ ਤੇ ਇਲਾਕੇ ਦੀਆਂ ਸਖਸ਼ੀਅਤਾਂ ਹਾਜਰ ਸਨ। 3 ਘੰਟੇ ਚਲੇ ਸਮਾਗਮ ਵਿਚ ਅਹਿਮ ਰਾਜਸੀ ਤੇ ਧਾਰਮਿਕ ਵਿਚਾਰਾਂ ਹੋਈਆਂ। ਐਨ.ਆਰ.ਆਈ ਦੀਆਂ ਸਮੱਸਿਆਵਾਂ ਬਾਰੇ ਬਲਦੀਪ ਸਿੰਘ ਨਾਲ ਵਿਚਾਰ ਵਟਾਂਦਰਾ ਹੋਇਆ। ਸਮਾਗਮ ਨੂੰ ਸਰਦੂਲ ਸਿੰਘ ਬਾਜਵਾ, ਸੁਰਜੀਤ ਸਿੰਘ ਬਰਿਆਰ, ਹਰਭਜਨ ਸਿੰਘ ਬਾਸੀ, ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ, ਮਨਿੰਦਰ ਸਿੰਘ, ਆਮ ਆਦਮੀ ਪਾਰਟੀ ਆਗੂ ਪਰਵੇਜ ਸਿੰਘ ਵਿਰਕ, ਸੁਖਜੀਤ ਕੌਰ ਤੇ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ।

ਇਹ ਮੌਕੇ ਚਾਹ ਪਾਣੀ ਦਾ ਪ੍ਰਬੰਧ ਇੰਡੀਅਨ ਸਵੀਟ ਸ਼ਾਪ ਦੇ ਮਾਲਕ ਮਨਜਿੰਦਰ ਸਿੰਘ ਵੱਲੋਂ ਕੀਤਾ ਗਿਆ। ਸਮਾਗਮ ਵਿਚ ਸਰਦੂਲ ਸਿੰਘ ਬਾਜਵਾ ਮੌਜੂਦਾ ਗੁਰਦੁਆਰਾ ਕਮੇਟੀ ਮੈਂਬਰ, ਸੁਖਦੇਵ ਸਿੰਘ ਗਿੱਲ ਮੌਜੂਦਾ ਗੁਰਦੁਆਰਾ ਕਮੇਟੀ ਮੈਂਬਰ, ਤਜਿੰਦਰ ਸਿੰਘ ਹੁੰਦਲ ਮੌਜੂਦਾ ਗੁਰਦੁਆਰਾ ਕਮੇਟੀ ਮੈਂਬਰ, ਜੰਗ ਬਹਾਦਰ ਸਿੰਘ, ਬਲਦੇਵ ਸਿੰਘ ਚਾਹਲ, ਪਰਮਪਾਲ ਸਿੰਘ, ਮਹਿੰਦਰ ਸਿੰਘ ਭਿੰਡਰ, ਰਣਜੀਤ ਸਿੰਘ ਬਰਿਆਰ, ਪਿਆਰਾ ਸਿੰਘ ਸਿੱਧੂ, ਅਮਰੀਕ ਸਿੰਘ, ਜਸਵਿੰਦਰ ਸਿੰਘ ਤੂਰ, ਜਸਵੰਤ ਸਿੰਘ ਬਰਾੜ, ਭਰਪੂਰ ਸਿੰਘ, ਹਰਦੀਸ਼ ਸਿੰਘ ਬਾਜਵਾ, ਦਵਿੰਦਰ ਪਾਲ ਸਿੰਘ, ਸੀਤਲ ਸਿੰਘ, ਹਰਦੇਵ ਸਿੰਘ, ਨਰਿੰਜਣ ਸਿੰਘ ਘੁੰਮਣ, ਮੱਘਰ ਸਿੰਘ ਬਸਰਾ, ਸ੍ਰ ਭੁੱਲਰ, ਹਰਪਿੰਦਰ ਸਿੰਘ ਚੌਹਾਨ, ਸਤਿੰਦਰ ਸਿੰਘ ਬਾਠ, ਸਰਬਜੀਤ ਸਿੰਘ, ਦਪਿੰਦਰ ਸਿੰਘ ਬਾਜਵਾ, ਨੀਲਮ ਸਿੰਘ ਸੰਧੂ, ਜੋਗਾ ਸਿੰਘ, ਨੱਥਾ ਸਿੰਘ, ਪ੍ਰਿਤਪਾਲ ਸਿੰਘ ਤੇ ਬੂਟਾ ਸਿੰਘ ਬਾਸੀ ਮੁਖ ਸੰਪਾਦਕ ਸਾਂਝੀ ਸੋਚ ਹਾਜਰ ਸਨ।

## 70 ਫੁੱਟ ਦੇ ਭਗਵਾਨ ਬੁੱਧ

ਵਾਰਾਨਸੀ- ਭਗਵਾਨ ਬੁੱਧ ਦੀ ਪਹਿਲੀ ਉਪਦੇਸ਼ ਥਾਂ ਸਾਰਨਾਥ ਵਿਚ ਇਕ ਹੋਰ ਵਿਸ਼ਾਲ ਮੂਰਤੀ ਦਾ ਨਿਰਮਾਣ ਲੱਗਭੱਗ ਪੂਰਾ ਹੋ ਚੁੱਕਾ ਹੈ। ਸ਼ਿਵਲੀ ਵੀਅਤਨਾਮੀ ਬੋਧ ਮੰਦਰ ਵੱਲੋਂ 70 ਫੁੱਟ ਉਚੀ ਧੰਮ ਦੇਸ਼ਨਾ ਮੁਦਰਾ ਵਿਚ ਤਿਆਰ ਇਸ ਮੂਰਤੀ ਨੂੰ ਹੁਣ ਆਖਰੀ ਰੂਪ ਦਿੱਤਾ ਜਾ ਰਿਹਾ ਹੈ। ਉਦਘਾਟਨ ਇਸੇ ਸਾਲ ਦਸੰਬਰ ਦੇ ਪਹਿਲੇ ਹਫਤੇ ਵਿਚ ਵੀਅਤਨਾਮ ਦੇ ਰਾਸ਼ਟਰਪਤੀ ਦੁਆਰਾ ਕੀਤੇ ਜਾਣ ਦੀ ਉਮੀਦ ਹੈ। ਸ਼ਿਵਲੀ ਵੀਅਤਨਾਮੀ ਬੋਧ ਮੰਦਰ ਦੇ ਸੰਸਥਾਪਕ ਭਿਕਸ਼ੂ ਡਾ. ਡਾਂਗ ਨੇ ਦੱਸਿਆ ਕਿ ਚੁਨਾਰ (ਮਿਰਜਾਪੁਰ) ਤੋਂ ਮੰਗਵਾਏ ਗਏ 14000 ਘਣ ਫੁੱਟ ਪੱਥਰ ਨਾਲ ਇਹ ਮੂਰਤੀ ਬਣਾਈ ਗਈ ਹੈ। ਮੂਰਤੀਕਾਰ ਦੇਵ ਨਰਾਇਣ ਪੁਜਾਰੀ ਦੀ ਦੇਖ ਰੇਖ ਵਿਚ 10 ਦਸੰਬਰ ਸਾਲ 2010 ਤੋਂ ਨਿਰਮਾਣ ਆਰੰਭ ਹੋਇਆ ਹੈ। ਲੱਗਭੱਗ ਦੋ ਦਰਜਨ ਕਾਰੀਗਰ ਲਗਾਤਾਰ ਕੰਮ ਕਰ ਰਹੇ ਹਨ। ਇਸ ਮੂਰਤੀ ਵਿਚ ਭਾਰਤੀ ਅਤੇ ਵੀਅਤਨਾਮੀ ਸ਼ੈਲੀ ਸ਼ਾਮਲ ਕੀਤੀ ਗਈ ਹੈ। ਇਸਦਾ ਮਾਡਲ ਸਾਰਨਾਥ ਤੋਂ ਹੀ ਲਿਆ ਗਿਆ ਹੈ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਸਾਰਨਾਥ ਵਿਚ ਹੀ ਥਾਈ ਬੋਧੀ ਮੰਦਰ ਪਰਿਸ਼ਦ ਵਿਚ 80 ਫੁੱਟ ਉਚੀ ਚਲਾਇਨਾਮ ਮੁਦਰਾ ਵਿਚ ਇਕ ਬੋਧੀ ਮੂਰਤੀ ਬਣਾਈ ਗਈ ਹੈ। ਇਹ ਮੂਰਤੀ ਬੋਧੀ ਅਨੁਯਾਈਆਂ ਅਤੇ ਸੈਲਾਨੀਆਂ ਦੇ ਆਕਰਸ਼ਣ ਦਾ ਕੇਂਦਰ ਹੈ।

## ਆਰ. ਪੀ. ਆਈ. ਨੇ ਸ਼ੁਰੂ ਕੀਤੀ ਰਿਜ਼ਰਵੇਸ਼ਨ ਦੀ ਰਾਜਨੀਤੀ

ਮੁੰਬਈ- ਨਿੱਜੀ ਯੂਨੀਵਰਸਿਟੀਆਂ ਨੂੰ ਮਾਨਤਾ ਦੇਣ ਦੀ ਆਗਿਆ ਤੋਂ ਬਾਅਦ ਹੁਣ ਆਰ. ਪੀ. ਆਈ. ਨੇ ਯੂਨੀਵਰਸਿਟੀਆਂ ਵਿਚ ਰਿਜ਼ਰਵੇਸ਼ਨ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ। ਰਿਪਬਲਿਕਨ ਪਾਰਟੀ ਆਫ ਇੰਡੀਆ ਨੇ ਨਿੱਜੀ ਯੂਨੀਵਰਸਿਟੀਆਂ ਵਿਚ 20-30 ਪ੍ਰਤੀਸ਼ਤ ਸੀਟਾਂ ਦਲਿਤ ਅਤੇ ਪੱਛੜੇ ਵਰਗਦੇ ਲੋਕਾਂ ਦੇ ਲਈ ਰਿਜ਼ਰਵ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਮੰਗ ਨੂੰ ਲੈ ਕੇ ਮੰਗਲਵਾਰ ਨੂੰ ਉਪਨਗਰ ਯੂਨੀਵਰਸਿਟੀ ਦਫਤਰ ਦੇ ਸਾਹਮਣੇ ਅੰਦੋਲਨ ਆਰੰਭ ਕੀਤਾ ਗਿਆ। ਲੱਗਭੱਗ 400-500 ਵਰਕਰਾਂ ਨੇ ਖੂਬ ਨਾਅਰੇਬਾਜ਼ੀ ਕਰਦੇ ਹੋਏ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ।

# ਗੁਰਮੀਤ ਸਿੰਘ ਗਿੱਲ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਅਮਰੀਕਾ (ਪੰਜਾਬ ਚੈਪਟਰ) ਦੇ ਪ੍ਰਧਾਨ ਨਿਯੁਕਤ

## ਦਾਖਾ, ਬਾਵਾ ਅਤੇ ਰਾਜਾ ਵੜਿੰਗ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਸਮਾਗਮ 'ਚ ਹੋਏ ਸ਼ਾਮਿਲ

**ਨਿਊਯਾਰਕ (ਰਾਜ ਗੋਗਨਾ)** - ਇੰਡੀਅਨ ਨੈਸ਼ਨਲ ਓਵਰ-ਸੀਜ਼ ਕਾਂਗਰਸ ਅਮਰੀਕਾ ਦੇ ਪ੍ਰਧਾਨ ਸ਼ੁੱਧ ਪ੍ਰਕਾਸ਼ ਸਿੰਘ ਦੀ ਪ੍ਰਧਾਨਗੀ ਹੇਠ ਰਿਚੀ ਰਿਚ ਪੈਲਸ ਰਿਚਮੰਡ ਹਿੱਲ ਨਿਊਯਾਰਕ ਵਿਖੇ ਸੈਂਕੜੇ ਕਾਂਗਰਸੀ ਵਰਕਰਾਂ ਦੀ ਹਾਜ਼ਰੀ ਵਿੱਚ ਹੋਏ ਪ੍ਰਭਾਵਸ਼ਾਲੀ ਸਮਾਗਮ ਵਿੱਚ ਗੁਰਮੀਤ ਸਿੰਘ ਗਿੱਲ (ਮੁੱਲਾਂਪੁਰ) ਨੂੰ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਅਮਰੀਕਾ (ਪੰਜਾਬ ਵਿੰਗ) ਚੈਪਟਰ ਦਾ ਪ੍ਰਧਾਨ ਬਣਾਉਣ ਦਾ ਐਲਾਨ ਸ਼ੁੱਧ ਪ੍ਰਕਾਸ਼ ਸਿੰਘ ਨੇ ਕੀਤਾ ਅਤੇ ਨਿਯੁਕਤੀ ਪੱਤਰ ਸੌਂਪਿਆ। ਇਸ ਸਮੇਂ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਆਏ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਧਾਇਕ ਗਿੱਦੜਬਾਹਾ ਨੇ ਵਧਾਈ ਦਿੱਤੀ ਅਤੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਮਹਾਰਾਣੀ ਪ੍ਰਨੀਤ ਕੌਰ ਸਾਬਕਾ ਵਿਦੇਸ਼ ਮੰਤਰੀ ਨੇ ਫੋਨ ਰਾਹੀਂ ਗੁਰਮੀਤ ਸਿੰਘ ਗਿੱਲ ਨੂੰ ਪੰਜਾਬ ਚੈਪਟਰ ਦਾ ਪ੍ਰਧਾਨ ਬਣਨ ਤੇ ਵਧਾਈ ਦਿੱਤੀ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਸਮੇਂ ਸਾਰੇ ਹਾਜ਼ਰੀਨ ਨੇ ਮਤਾ ਪਾ ਕੇ ਕਾਂਗਰਸ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ, ਕੁੱਲ ਹਿੰਦ ਕਾਂਗਰਸ ਦੇ ਵਾਈਸ ਪ੍ਰਧਾਨ ਰਾਹੁਲ ਗਾਂਧੀ ਅਤੇ ਡਾ. ਕਰਨ ਸਿੰਘ ਚੇਅਰਮੈਨ ਐੱਨ. ਆਰ. ਆਈ. ਵਿੰਗ ਦਾ ਧੰਨਵਾਦ ਕੀਤਾ। ਇਸ ਸਮੇਂ ਬੋਲਦੇ ਸ. ਦਾਖਾ, ਬਾਵਾ ਅਤੇ ਰਾਜਾ ਵੜਿੰਗ ਨੇ ਕਿਹਾ ਕਿ ਖੁਸ਼ੀ ਦੀ ਗੱਲ ਹੈ ਅੱਜ ਯੁਨਾਈਟਡ ਕਾਂਗਰਸ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਨੇ ਇਕੱਠੇ ਹੋ ਕੇ ਇਤਿਹਾਸਕ ਫੈਸਲਾ ਲੈਂਦੇ ਹੋਏ ਨਿਧੜਕ ਅਤੇ ਜੁਝਾਰੂ ਨੇਤਾ ਗੁਰਮੀਤ ਸਿੰਘ ਗਿੱਲ (ਮੁੱਲਾਂਪੁਰ) ਜਿਨ੍ਹਾਂ ਨੇ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ 1990 ਤੋਂ 1995 ਤੱਕ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਦੇ ਹੋਏ ਕਾਂਗਰਸ ਪਾਰਟੀ ਦੀ ਸੇਵਾ ਕੀਤੀ, ਅੱਜ ਉਨ੍ਹਾਂ ਨੂੰ ਪ੍ਰਧਾਨ ਬਣਾ ਕੇ ਕਾਂਗਰਸ ਹਾਈ ਕਮਾਂਡ ਨੇ ਸ਼ਲਾਘਾਯੋਗ ਫੈਸਲਾ ਲਿਆ ਹੈ ਉਨ੍ਹਾਂ ਕਿਹਾ ਕਿ ਕਾਂਗਰਸ ਦਾ



ਇਤਿਹਾਸ ਗੌਰਵਮਈ ਹੈ ਅਤੇ ਭਾਰਤ ਦਾ ਸਰਵਪੱਖੀ ਵਿਕਾਸ ਦਾ ਸਿਹਰਾ ਕਾਂਗਰਸ ਪਾਰਟੀ ਨੂੰ ਜਾਂਦਾ ਹੈ ਅਤੇ ਉਨ੍ਹਾਂ ਕਿਹਾ ਕਿ ਫ੍ਰਿਕਾਪ੍ਰਸਤ ਪਾਰਟੀ ਭਾਜਪਾ ਦਾ ਸੱਤਾ 'ਚ ਆਉਣਾ ਭਾਰਤ ਦੀ ਬਦਕਿਸਮਤੀ ਹੈ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਕਾਲੀ-ਭਾਜਪਾ ਦੇ ਰਾਜ ਵਿੱਚ ਪੰਜਾਬ ਤਬਾਹੀ ਦੇ ਕੰਢੇ ਤੇ ਖੜ੍ਹਾ ਹੈ ਅੱਜ ਪੰਜਾਬ ਦਾ ਕਿਸਾਨ, ਵਿਉਪਾਰੀ, ਕਾਰਖਾਨੇਦਾਰ, ਮਜ਼ਦੂਰ, ਮੁਲਾਜ਼ਮ, ਦੁਕਾਨਦਾਰ, ਯੂਥ ਸਭ ਸਰਕਾਰ ਦੀ ਧੱਕੇਸ਼ਾਹੀ ਦੀ ਚੱਕੀ ਵਿੱਚ ਪਿਸ ਰਹੇ ਹਨ ਉਨ੍ਹਾਂ ਕਿਹਾ ਕਿ ਆਉ ਪੰਜਾਬੀ ਪ੍ਰਵਾਸੀ ਭਰਾ ਪੰਜਾਬ ਦੀ ਫਿਜ਼ਾ ਬਦਲਣ ਲਈ ਕਾਂਗਰਸ ਪਾਰਟੀ ਨੂੰ ਮਜ਼ਬੂਤ ਬਣਾਈਏ ਅਤੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਈਏ। ਇਸ ਸਮੇਂ ਸ਼ੁੱਧ ਪ੍ਰਕਾਸ਼ ਸਿੰਘ ਅਤੇ ਗੁਰਮੀਤ ਸਿੰਘ ਗਿੱਲ ਨੇ ਚਰਨ ਸਿੰਘ ਪ੍ਰੇਮਪੁਰਾ ਨੂੰ ਹਰਿਆਣਾ ਚੈਪਟਰ ਦਾ ਚੇਅਰਮੈਨ ਨਿਯੁਕਤ ਕੀਤਾ, ਪੱਪੀ ਬਦੇਸ਼ਾ ਨੂੰ ਨਿਊਯਾਰਕ ਸਟੇਟ ਪੰਜਾਬ ਚੈਪਟਰ ਦਾ ਪ੍ਰਧਾਨ ਨਿਯੁਕਤ ਕੀਤਾ, ਹਰਜੀਤ ਸਿੰਘ ਸਿੱਧੂ ਨੂੰ ਨਿਊਜਰਸੀ ਸਟੇਟ ਦਾ ਪ੍ਰਧਾਨ ਨਿਯੁਕਤ ਕੀਤਾ, ਰਾਜਪਾਲ ਸਿੰਘ ਸ਼ਿੰਦਾ ਨੂੰ ਪੈਨਸਲਵੇਨੀਆ ਸਟੇਟ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ, ਮੈਰੀਲੈਂਡ ਸਟੇਟ ਦਾ ਪੰਜਾਬ ਦਾ ਕਿਰਨਵੀਰ ਸਿੰਘ ਭੋਲਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਮੇਂ ਨੈਸ਼ਨਲ ਟੀਮ ਵਿੱਚ ਗੁਰਮੀਤ ਸਿੰਘ ਗਿੱਲ ਨੇ ਮੇਜਰ ਸਿੰਘ ਢਿੱਲੋਂ ਨੂੰ ਸੀਨੀਅਰ ਮੀਤ ਪ੍ਰਧਾਨ, ਪ੍ਰਮਿੰਦਰ ਸਿੰਘ ਦਿਓਲ ਵਾਈਸ ਪ੍ਰਧਾਨ, ਜਨਰਲ ਸਕੱਤਰ ਕਸ਼ਮੀਰਾ ਸਿੰਘ ਅਤੇ ਸੁਨੀਲ ਬਜਾਜ ਵਾਈਸ ਪ੍ਰਧਾਨ, ਨਿਰਮਲ ਸਿੰਘ ਗਰੇਵਾਲ ਮੁੱਖ ਸਲਾਹਕਾਰ ਨਿਯੁਕਤ ਕੀਤੇ ਗਏ। ਇਸ ਸਮੇਂ ਹਰਪਾਲ ਬਦੇਸ਼ਾ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਸਮੇਂ ਉੱਘੇ ਸਮਾਜ ਸੇਵੀ ਤਲਵਿੰਦਰ ਸਿੰਘ ਘੁਮਾਣ, ਰਾਜਭਿੰਦਰ ਸਿੰਘ ਬਦੇਸ਼ਾ, ਬਹਾਦਰ ਸਿੰਘ ਸਿੱਧੂ ਪ੍ਰਾਪੇਗੰਡਾ ਸੈਕਟਰੀ, ਮਨਦੀਪ ਸਿੰਘ ਹਾਂਸ, ਜਰਨੈਲ ਸਿੰਘ, ਗੁਰਮੀਤ ਸਿੰਘ ਬੁੱਟਰ ਚੇਅਰਮੈਨ ਨਿਊਯਾਰਕ ਸਟੇਟ, ਰਾਜਨ ਸਿੱਧੂ, ਰਵੀ ਰੋਪੜਾ ਵਾਈਸ ਪ੍ਰਧਾਨ ਨੈਸ਼ਨਲ ਕਾਂਗਰਸ ਯੂ ਐੱਸ ਏ, ਕਵਲ ਸਰਾਂ ਵਾਈਸ ਪ੍ਰਧਾਨ, ਬਲਵੀਰ ਸਿੰਘ ਘੋਤੜਾ, ਅਮਰ ਸਿੰਘ ਗੁਲਸ਼ਨ ਨੂੰ ਅਹੁਦਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ।ਅੰਤ ਵਿਚ ਸ. ਗੁਰਮੀਤ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਸਮੂਹ ਅਹੁਦਾਰਾਂ ਦਾ ਵੱਡੀ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਕਿਹਾ ਕਿ ਉਹ ਇਹ ਜ਼ੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਕਾਂਗਰਸ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇਕ ਕਰ ਦੇਣਗੇ।

ਉਹਨਾਂ ਕਿਹਾ ਕਿ ਉਹ 2017 ਤੱਕ ਸਮੁੱਚੇ ਅਮਰੀਕਾ ਦੇ ਪੰਜਾਬੀਆਂ ਨੂੰ ਆਈ ਐਨ ਓ ਸੀ (ਪੰਜਾਬ ਚੈਪਟਰ) ਦੇ ਝੰਡੇ ਹੇਠ ਲਿਆਉਣ ਲਈ ਵੱਡੇ ਪੱਧਰ ਤੇ ਯਤਨ ਕਰਨਗੇ ਅਤੇ ਅਮਰੀਕਾ ਦੀਆਂ ਸਾਰੀਆਂ ਸਟੇਟਾਂ ਦੇ ਜਥੇਬੰਦਕ ਢਾਚਿਆਂ ਦਾ ਗਠਨ ਕਰਨਗੇ।



ਗੁਰਮੀਤ ਸਿੰਘ ਗਿੱਲ

# ਸੰਤ ਪ੍ਰੇਮ ਸਿੰਘ ਵੈੱਲਫੇਅਰ ਸੁਸਾਇਟੀ ਵੱਲੋਂ ਨੈਸ਼ਨਲ ਪਾਵਰ ਲਿਫਟਰ ਅਜੈ ਗੋਗਨਾ ਦਾ ਸਨਮਾਨ

ਬੇਗੋਵਾਲ- ਬੀਤੇ ਦਿਨ ਸੰਤ ਪ੍ਰੇਮ ਸਿੰਘ ਸੁਸਾਇਟੀ ਵੈੱਲਫੇਅਰ ਸੁਸਾਇਟੀ ਬੇਗੋਵਾਲ ਵੱਲੋਂ ਤਿੰਨ ਵਾਰ ਪਾਵਰ ਲਿ-ਫਟਿੰਗ 'ਚ ਗੋਲਡ ਮੈਡਲ ਹਾਸਲ ਕਰਨ ਵਾਲੇ ਨੈਸ਼ਨਲ ਪਾਵਰ ਲਿਫਟਰ ਅਜੈ ਗੋਗਨਾ ਭੁਲੱਥ ਨੂੰ ਸਨਮਾਨ ਦੇਣ ਲਈ ਇੱਕ ਸਮਾਗਮ ਪ੍ਰਧਾਨ ਇੰਸਪੈਕਟਰ ਸ. ਰਣਬੀਰ ਸਿੰਘ ਦੀ ਪ੍ਰਧਾਨਗੀ ਹੇਠ ਬੇਗੋਵਾਲ ਦੇ ਇਕ ਪੈਲੇਸ 'ਚ ਹੋਇਆ।

ਇਸ ਮੌਕੇ ਸੰਤ ਬਾਬਾ ਪ੍ਰੇਮ ਸਿੰਘ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਇੰਸਪੈਕਟਰ ਰਣਬੀਰ ਸਿੰਘ ਨੇ ਕਿਹਾ ਕਿ ਅਜੈ ਗੋਗਨਾ ਵਾਸੀ ਭੁਲੱਥ ਨੇ ਰਾਸ਼ਟਰੀ ਪੱਧਰ ਤੇ ਤਿੰਨ



ਵਾਰ ਚੈਂਪੀਅਨਸ਼ਿਪ ਜਿੱਤ ਕੇ ਗੋਲਡ ਮੈਡਲ ਪ੍ਰਾਪਤ ਕਰਨ ਤੇ ਆਪਣੇ ਮਾਂ-ਬਾਪ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ ਇਲਾਕੇ ਲਈ 26 ਸਾਲਾ ਨੌਜਵਾਨ ਅਜੈ ਗੋਗਨਾ ਪ੍ਰਤੀ ਬੜੀ ਮਾਣ ਵਾਲੀ ਗੱਲ ਹੈ।

ਕਲੱਬ ਦੀ ਰਵਾਇਤ ਅਨੁਸਾਰ ਸਨਮਾਨ ਚਿੰਨ੍ਹ ਤੇ ਮੈਡਲ ਦੇ ਕੇ ਪਵਾਰ ਲਿਫਟਰ ਦੇ ਨਾਲ ਸਟਰੌਂਗਮੈਨ ਆਫ ਪੰਜਾਬ ਦਾ ਖਿਤਾਬ ਹਾਸਲ ਕਰਨ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਲਾਇਨਜ਼ ਕਲੱਬ ਦੇ ਚੇਅਰਮੈਨ ਸੁਖਚੈਨ ਸਿੰਘ ਮੁਰੱਬੀਆ ਜਿਨ੍ਹਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆ ਕਿਹਾ ਕਿ ਇਹ ਜਥੇਬੰਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ ਜਿਸ ਕਰਕੇ ਇਸ ਜਥੇਬੰਦੀ ਦਾ ਦੇਸ਼ ਵਿਦੇਸ਼ ਵਿੱਚ ਵੱਖਰੀ ਪਹਿਚਾਣ ਹੈ। **- (ਰਾਜ ਗੋਗਨਾ)**

# ਪੰਜਾਬ ਦਾ ਪੁੱਤਰ ਹਿੰਦ ਦੀ ਸ਼ਾਨ ਵੇਟ ਲਿਫਟਰ-ਅਜੈ ਗੋਗਨਾ

ਦੁਆਬੇ ਦੇ ਮਸ਼ਹੂਰ ਕਸਬੇ ਭੁਲੱਥ ਦਾ ਜੰਮਪਲ 26 ਸਾਲਾ ਨੌਜਵਾਨ ਵੇਟ ਲਿਫਟਰ ਅਜੈ ਗੋਗਨਾ ਨੂੰ ਅੱਜ ਵੇਟ ਲਿਫਟਿੰਗ 'ਚ ਕੌਣ ਨਹੀਂ ਜਾਣਦਾ ਜਿਸ ਨੇ ਛੋਟੀ ਉਮਰ ਵਿਚ ਪਾਵਰ ਲਿਫਟਿੰਗ ਵਿਚ ਆਪਣੇ ਕਸਬੇ ਦਾ ਕੀ ਸੂਬੇ ਤੋਂ ਇਲਾਵਾ ਭਾਰਤ ਦਾ ਨਾਂ ਚਮਕਾ ਦਿੱਤਾ ਹੈ। ਅਜੈ ਗੋਗਨਾ ਜ਼ਿਲ੍ਹਾ ਕਪੂਰਥਲਾ ਦੇ ਪ੍ਰਸਿੱਧ ਕਸਬੇ ਭੁਲੱਖ ਪਿਖੇ ਪਿਤਾ ਸ੍ਰੀ ਰਾਜ ਗੋਗਨਾ ਪ੍ਰਵਾਸੀ ਪੱਤਰਕਾਰ ਅਤੇ ਮਾਤਾ ਰਕੇਸ਼ ਕੁਮਾਰੀ ਗੋਗਨਾ ਦੇ ਕੁੱਖੋਂ ਜਨਮਿਆ। ਅਜੈ ਗੋਗਨਾ ਅੱਜ ਕਿਸੇ ਵੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਅਜੈ ਗੋਗਨਾ ਦੇ ਖੇਡ ਕੈਰੀਅਰ ਵੱਲ ਨਜ਼ਰ ਮਾਰੀਏ ਤਾਂ ਉਸ ਨੂੰ ਸਕੂਲ ਵਿਚ ਪੜ੍ਹਦੇ ਸਮੇਂ ਵੇਟ ਲਿਫਟਿੰਗ ਦੀ ਰੁੱਚੀ ਪੈਦਾ ਹੋ ਗਈ ਅਤੇ ਉਸ ਨੇ ਸੰਨ 2002 ਵਿਚ 16 ਸਾਲ ਦੀ ਉਮਰ 'ਚ ਪਹਿਲੀ ਵਾਰ 165 ਕਿਲੋ ਭਾਰ ਦੀ ਲਿਫਟ ਨਜ਼ਦੀਕੀ ਕਸਬੇ ਬੇਗੋਵਾਲ ਵਿਖੇ ਲਾਈ ਸੀ ਅਤੇ ਚੰਗਾ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ ਸੀ। ਉਸਤਾਦ ਵਜੋਂ ਉਸ ਦਾ ਕਹਿਣਾ ਹੈ ਕਿ ਉਸ ਨੇ ਕੋਈ ਵੀ ਉਸਤਾਦ ਨਹੀਂ ਧਾਰਿਆ ਅਤੇ ਬਿਨਾਂ ਉਸਤਾਦ ਤੋਂ ਉਹ ਸੱਚੇ ਰੱਬ ਦਾ ਨਾਂ ਲੈ ਕੇ ਭੁਲੱਥ ਦੇ ਦਿਓਲ ਹੈਲਥ ਕਲੱਬ ਵਿਚ ਸੰਨ 2002 ਤੋਂ ਹੁਣ ਤੱਕ ਆਪਣੀ ਰੋਜ਼ਾਨਾ ਦੀ ਪ੍ਰੈਕਟਿਸ ਜਾਰੀ ਰੱਖੀ ਹੈ।



ਉਸ ਦਾ ਕਹਿਣਾ ਹੈ ਕਿ ਪ੍ਰਮਾਤਮਾ ਵੱਲੋਂ ਦਿੱਤੀ ਹਿੰਮਤ ਨਾਲ ਆਪਣੀ ਅਗਲੀ ਮੰਜ਼ਲ ਵੱਲ ਵਧਣ ਲਈ ਸਖਤ ਮਿਹਨਤ ਅਤੇ ਦ੍ਰਿੜ੍ਹਤਾ ਨਾਲ ਬਿਨਾਂ ਨਾਗਾ ਦੋ ਤੋਂ ਤਿੰਨ ਘੰਟੇ ਪ੍ਰੈਕਟਿਸ ਕਰਦਾ ਹੈ। ਉਸ ਨੇ ਦੱਸਿਆ ਕਿ ਬਚਪਨ ਵਿਚ ਮੇਰੇ ਸਤਿਕਾਰਯੋਗ ਦਾਦਾ ਜੀ ਸਵ. ਬਨਾਰਸੀ ਦਾਸ ਗੋਗਨਾ ਜੋ ਆਪਣੇ ਸਮੇਂ 'ਚ ਭਲਵਾਨੀ ਦਾ ਸ਼ੌਕ ਰੱਖਦੇ ਸਨ, ਜਿਨ੍ਹਾਂ ਨੇ ਮੈਨੂੰ ਪ੍ਰੇਰਿਆ ਅਤੇ ਬਚਪਨ ਤੋਂ ਸਵੇਰੇ ਜਗਾ ਕੇ ਦੇਸੀ ਘਿਓ ਦੀ ਮਾਲਿਸ਼ ਨਾਲ ਚੰਗੀ ਦੇਸੀ ਖੁਰਾਕ ਦੁੱਧ, ਘਿਓ, ਮੱਖਣ ਵਰਗੀ ਖੁਰਾਕ ਦੇ ਨਾਲ ਨਾਲ ਆਪਣੇ ਸਰੀਰ ਦੀ ਸੰਭਾਲ ਰੱਖਣ ਲਈ ਅਤੇ ਇਕ ਨਾਮਵਰ ਖਿਡਾਰੀ ਬਣਨ ਲਈ ਰੋਜ਼ਨਾ ਉਠ ਕੇ ਡੰਡ ਬੈਠਕਾਂ ਮਾਰਨਾ ਤੇ ਨਾਲ ਹੀ ਸਰੀਰ ਨੂੰ



ਤੰਦਰੁਸਤ ਰੱਖਣ ਲਈ ਕਈ ਅਹਿਮ ਨੁਕਤੇ ਮੈਂ ਉਨ੍ਹਾਂ ਤੋਂ ਪ੍ਰਾਪਤ ਕੀਤੇ। ਅਜੈ ਗੋਗਨਾ ਸੈਂਕੜਿਆਂ ਦੀ ਗਿਣਤੀ ਵਿਚ ਕਈ ਮਾਣਮੱਤੇ ਇਨਾਮ ਹਾਸਲ ਕਰਨ ਤੋਂ ਇਲਾਵਾ ਰਾਸ਼ਟਰੀ ਪੱਧਰ 'ਤੇ ਆਪਣੇ 120 ਕਿਲੋ ਭਾਰ ਵਰਗ ਵਿਚ ਤਿੰਨ ਗੋਲਡ ਮੈਡਲ ਜਿੱਤ ਚੁੱਕਾ ਹੈ। ਉਸ ਨੇ ਦੱਸਿਆ ਕਿ ਸੰਨ 2011 ਵਿਚ ਜੰਮੂ ਵਿਖੇ ਹੋਏ ਨੈਸ਼ਨਲ ਪਾਵਰ ਲਿਫਟਿੰਗ ਦੇ ਮੁਕਾਬਲਿਆਂ ਵਿਚ ਭਾਰਤ ਤੋਂ ਸੱਤ ਰਾਜਾਂ ਤੋਂ ਸ਼ਾਮਲ ਹੋਏ 800 ਦੇ ਕਰੀਬ ਖਿਡਾਰੀਆਂ ਨੂੰ ਪਾਛੜਦੇ ਹੋਏ ਜੂਨੀਅਰ ਪਾਵਰ ਲਿਫਟਰ ਵੱਲੋਂ ਖੇਡ ਕੇ ਉਸ ਨੇ 213 ਕਿਲੋਗ੍ਰਾਮ ਭਾਰ ਦੀ ਬੈਂਚ ਪ੍ਰੈਸ ਲਾ ਕੇ ਨੈਸ਼ਨਲ ਪੱਧਰ 'ਤੇ ਪਹਿਲੀ ਪੁਜੀਸ਼ਨ ਹਾਸਲ ਕਰਕੇ ਗੋਲਡ ਮੈਡਲ ਆਪਣੇ ਨਾਂ ਕੀਤਾ।

ਉਸ ਨੇ ਕਿਹਾਕਿ ਉਸ ਨੇ ਅੱਜ ਤੱਕ ਕਿਸੇ ਵੀ ਕਿਸਮ ਦੇ ਨਸ਼ੇ ਦਾ ਸੇਵਨ ਨਹੀਂ ਕੀਤਾ ਅਤੇ ਝਾਰਖੰਡ ਵਿਚ ਨਾਟਾ ਇੰਡੀਅਨ ਡੋਪਿੰਗ ਏਜੰਸੀ ਵੱਲੋਂ ਉਸ ਦਾ ਡੋਪ ਟੈਸਟ ਵੀ ਕੀਤਾਗਿਆ ਜਿਸ ਵਿਚ ਉਸ ਦਾ ਡੋਪ ਟੈਸਟ ਕਲੀਅਰ ਦੀ ਰਿਪੋਰਟ ਆਈ। ਅਜੈ ਗੋਗਨਾ ਨੇ ਦੱਸਿਆ ਕਿ ਉਹ ਪੰਜਾਬ ਦੇ ਕਈ ਕਲੱਬਾਂ ਅਤੇ ਸੰਸਥਾਵਾਂ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿਚ 'ਆਲ ਓਵਰ ਚੈਂਪੀਅਨ' ਦੇ ਨਾਲ 'ਸਟਰੌਂਗਮੈਨ ਆਫ ਦਾ ਪੰਜਾਬ' ਦਾ ਖਿਤਾਬ ਹਾਸਲ ਕਰ ਚੁੱਕਾ ਹੈ। ਉਸ ਨੇ ਦੱਸਿਆ ਕਿ ਮੈਂ ਆਪਣੀ 8 ਸਾਲ ਦੀ ਉਮਰ ਤੋਂ ਲੈ ਕੇ ਹੁਣ ਤੱਕ ਚਾਹ ਦਾ ਸੇਵਨ ਨਹੀਂ ਕੀਤਾ। ਚਾਹ ਤੋਂ ਮੈਨੂੰ ਬਹੁਤ ਨਫਰਤ ਹੈ ਅਤੇ ਉਹ ਦੇਸੀ ਖੁਰਾਕ ਦੁੱਧ, ਮੱਖਣ, ਦਹੀਂ ਦੇ ਨਾਲ ਨਾਲ ਮਾਸਾਹਾਰੀ ਵਿਚ ਚਿਕਨ, ਮੱਛੀ ਦਾ ਸੇਵਨ ਕਰਦਾ ਹੈ ਅਤੇ ਰੋਜ਼ਾਨਾ 4 ਤੋਂ 5 ਲੀਟਰ ਦੇ ਕਰੀਬ ਦੁੱਧ, 16 ਕੁ ਗਿਲਾਸ ਤਾਜਾ ਜੂਸ, 2 ਤੋਂ 3 ਕਿਲੋ ਚਿਕਨ ਅਤੇ ਡਾਇਟਰੀ ਸਪਲੀਮੈਂਟ ਦਾ ਇਸਤੇਮਾਲ ਕਰਦਾ ਹੈ। ਉਸ ਨੇ ਕਿਹਾ ਕਿ ਸਭ ਤੋਂ ਪਹਿਲਾਂ ਉਹ ਸੱਚੇ ਰੱਬ ਦਾ, ਫਿਰ ਆਪਣੇ ਸਤਿਕਾਰਯੋਗ ਪਿਤਾ ਸ੍ਰੀ ਰਾਜ ਗੋਗਨਾ ਪ੍ਰਵਾਸੀ ਪੱਤਰਕਾਰ ਯੂ.ਐਸ.ਏ., ਆਪਣੀ ਮਾਤਾ ਰਾਕੇਸ਼ ਗੋਗਨਾ ਅਤੇ ਆਪਣੇ ਛੋਟੇ ਭਰਾ ਬੱਬੂ ਤੇ ਹੋਰ ਆਪਣੇ ਅਨੇਕਾਂ ਦੋਸਤਾਂ ਮਿੱਤਰਾਂ ਦਾ ਸ਼ੁਕਰ ਗੁਜ਼ਾਰ ਹੈ ਜਿਨ੍ਹਾਂ ਨੇ ਮੈਨੂੰ ਅੱਗੇ ਵਧਣ ਲਈ ਸਮੇਂ ਸਮੇਂ 'ਤੇ ਹੱਲਾਸ਼ੇਰੀ ਦਿੱਤੀ ਅਤੇ ਪੂਰੀ ਮਾਲੀ ਮਦਦ ਲਈ ਆਪਣੇ ਪਿਤਾ ਰਾਜ ਗੋਗਨਾ ਅਤੇ ਮਾਤਾ ਦਾ ਹੁਣ ਤੱਕ ਪੂਰੇ ਸਹਿਯੋਗ ਸਦਕਾ ਮੈਂ ਜੋ ਵੀ ਹਾਂ ਉਨ੍ਹਾਂ ਦੀ ਹਰ ਪੱਖੋਂ ਵਿੱਤੀ ਸਹਾਇਤਾ ਦੀ ਬਦੌਲਤ ਹਾਂ।

ਅਖੀਰ ਵਿਚ ਅਜੈ ਗੋਗਨਾ ਨੇ ਆਪਣੇ ਸਪੋਰਟਸ ਨਾਲ ਸਬੰਧ ਰੱਖਣ ਵਾਲੇ ਸਮੂਹ ਵੀਰਾਂ ਨੂੰ ਇਹੋ ਹੀ ਸੰਦੇਸ਼ ਦਿੱਤਾ ਕਿ ਅੱਜਕਲ੍ਹ ਜ਼ਿਆਦਾਤਰ ਖਿਡਾਰਆਂ ਨੂੰ ਨਸ਼ੇ ਦੇ ਕੋਹੜ ਨੇ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ ਹੈ। ਉਹ ਨਸ਼ੇ ਦੀ ਲਾਹਨਤ ਤੋਂ ਕੋਹਾਂ ਦੂਰ ਰਹਿਣ ਤੇ ਆਪਣੀ ਚੰਗੀ ਖੁਰਾਕ ਦੇ ਨਾਲ ਆਪਣੀ ਰੋਜ਼ਾਨਾ ਮਿਹਨਤ ਵੱਲ ਉਚੇਰਾ ਧਿਆਨ ਦੇਣ। ਉਨ੍ਹਾਂ ਕਿਹਾ ਕਿ ਕੁਝ ਸਾਡੇ ਭਰਾ ਆਪਣੇ ਸਰੀਰ ਨੂੰ ਦੇਖਣ ਲਈ ਗਲਤ ਦਵਾਈਆਂ ਦਾ ਇਸਤੇਮਾਲ ਕਰਦੇ ਹਨ, ਉਹ ਖਿਡਾਰੀ ਚੰਗੀ ਖੁਰਾਕ ਦੇ ਨਾਲ ਨਾਲ ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਨਾ ਕਰਨ। ਇਕ ਚੰਗੇ ਖਿਡਾਰੀ ਨੂੰ ਸਿਆਣਾ, ਸਾਊ, ਮਿਲਣਸਾਰ, ਹਲੀਮੀ ਪਸੰਦ ਦੇ ਨਾਲ ਨਸ਼ੇ ਦੇ ਸੇਵਨ ਤੋਂ ਕੋਹਾਂ ਦੂਰ ਰਹਿਣਾ ਚਾਹੀਦਾ ਹੈ। ਉਸ ਨੇ ਦੱਸਿਆ ਕਿ ਉਸ ਦਾ ਇਹੋ ਹੀ ਟੀਚਾ ਹੈ ਕਿ ਉਹ ਕੌਮਾਂਤਰੀ ਪੱਧਰ 'ਤੇ ਪ੍ਰਾਪਤੀਆਂ ਕਰਕੇ ਆਪਣੇ ਦੇਸ਼, ਆਪਣੇ ਸੂਬੇ ਦੇ ਨਾਲ ਆਪਣੇ ਪਿੰਡ ਭੁਲੱਥ ਦਾ ਨਾਂ ਰੌਸ਼ਨ ਕਰੇਗਾ। ਸ਼ਾਲਾ! ਅਸੀਂ ਪ੍ਰਮਾਤਮਾ ਅੱਗੇ ਇਹੋ ਹੀ ਦੁਆ ਕਰਦੇ ਹਾਂ ਕਿ ਪੰਜਾਬ ਦਾ ਇਹ ਨੌਜਵਾਨ ਪਾਵਰ ਲਿਫਟਰ ਅਜੈ ਗੋਗਨਾ ਆਪਣੇ ਪੂਰੇ ਪਰਿਵਾਰ ਦੇਨਾਂ ਨਾਲ ਭਾਰਤ ਦਾ ਨਾਂ ਧਰੂ ਤਾਰੇ ਵਾਂਗ ਚਮਕਾਏ।

**-ਮੁਲਾਕਾਤੀ : ਵਿਸ਼ਵਾ ਮਿੱਤਰ**
**31, ਜਵਾਲਾ ਨਗਰ, ਮਕਸੂਦਾਂ (ਜਲੰਧਰ)**
**ਫੋਨ 99141-14777**

# ਬਰਲਿੰਗਟਨ ਸਪੋਰਟਸ ਕਲੱਬ ਦਾ ਪੰਜਵਾਂ ਖੇਡ-ਮੇਲਾ



**ਨਿਊਜਰਸੀ (ਰਾਜ ਗੋਗਨਾ ਭੁਲੱਥ)**-ਬਰਲਿੰਗਟਨ ਸਪੋਰਟਸ ਕਲੱਬ ਅਤੇ ਗੁਰਦਵਾਰਾ ਖਾਲਸਾ ਦਰਬਾਰ ਦੇ ਸਾਂਝੇ ਯਤਨਾਂ ਸਦਕਾ ਫ਼ੁੱਟਬਾਲ, ਬਾਲੀਵਾਲ ਅਤੇ ਛੋਟੇ ਬੱਚਿਆਂ ਦੇ ਫ਼ੁੱਟਬਾਲ ਮੁਕਾਬਲੇ ਅਤੇ ਦੌੜਾਂ ਕਰਵਾਈਆਂ ਗਈਆਂ।ਬਾਲੀਵਾਲ ਦੇ ਫ਼ਾਈਨਲ ਮੁਕਾਬਲੇ ਵਿੱਚ ਫ਼ਿਲਾਡੈਲਫ਼ੀਆ ਪਹਿਲਾ ਸਥਾਨ ਅਤੇ ਕਪੂਰਥਲਾ ਸਪੋਰਟਸ ਕਲੱਬ ਨਿਊਯਾਰਕ ਦੂਜੇ ਸਥਾਨ 'ਤੇ ਰਿਹਾ।ਅੰਡਰ ੧੫ ਦੇ ਫ਼ੁੱਟਬਾਲ ਫ਼ਾਈਨਲ ਮੁਕਾਬਲੇ ਵਿੱਚ ਬਰਲਿੰਗਟਨ ਦੇ ਬੱਚਿਆਂ ਨੇ ਕਾਰਟਰੇਟ ਨੂੰ ਪਛਾੜਿਆ।ਫ਼ੁੱਟਬਾਲ ਦੇ ਫ਼ਾਈਨਲ ਵਿੱਚ ਫ਼ਿਲਾਡੈਲਫ਼ੀਆ ਜੇਤੂ ਤੇ ਕਾਰਟਰੇਟ ਸਪੋਰਟਸ ਕਲੱਬ ਉਪ-ਜੇਤੂ ਰਿਹਾ। ਅੰਡਰ 12 ਬੱਚਿਆਂ ਦੀਆਂ ਦੌੜਾਂ ਵਿੱਚ ਸੁਖਮਨਪ੍ਰੀਤ ਸਿੰਘ ਨੇ ਪਹਿਲਾ,ਵਿਸ਼ਵਜੀਤ ਸਿੰਘ ਦੂਜਾ ਅਤੇ ਗੁਰਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਇਸੇ ਤਰ੍ਹਾਂ ਹੀ ਅੰਡਰ 14 ਦੌੜਾਂ ਵਿੱਚ ਜਗਜੀਤ ਸਿੰਘ, ਰਾਜਵੀਰ ਸਿੰਘ ਤੇ ਸਾਹਿਲ ਬਰਾੜ ਨੇ ਕਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਬੱਚਿਆਂ ਨੂੰ ਮੈਡਲ ਪਹਿਨਾਏ ਗਏ। ਬੱਚਿਆਂ ਦੇ ਮਾਤਾ-ਪਿਤਾ ਬਹੁਤ ਖ਼ੁਸ਼ ਵਿਖਾਈ ਦੇ ਰਹੇ ਸਨ।ਰੱਸਾ ਖਿੱਚਣ ਵਿੱਚ 'ਪੰਜਾਬ ਯੁਨਾਈਟਡ ਕਾਰਟਰੇਟ' ਦਾ ਪਹਿਲਾ ਤੇ ਬਰਲਿੰਗਟਨ ਦਾ ਦੂਜਾ ਸਥਾਨ ਰਿਹਾ। ਨਿਊਜਰਸੀ ਤੋਂ ਇਲਾਵਾ ਦੂਰ ਦੁਰਾਡੇ ਤੋਂ ਆਏ ਹੋਰ ਦਰਸ਼ਕ ਵੀਰਾਂ-ਭੈਣਾਂ ਅਤੇ ਬੱਚਿਆਂ ਨੇ ਇਸ ਖੇਡ-ਮੇਲੇ ਦਾ ਖ਼ੂਬ ਆਨੰਦ ਮਾਣਿਆਂ। ਸਾਰਾ ਦਿਨ ਸੋਡੇ-ਪਾਣੀ ਦੀ ਸੇਵਾ ਚਲਦੀ ਰਹੀ। ਲਖਵੀਰ ਸਿੰਘ ਕਾਕਾ ਗਡਾਣੀ ਵਾਲਾ ਦੇ ਸਮੂਹ ਪਰਿਵਾਰ ਅਤੇ ਰਿਸ਼ਤੇਦਾਰਾਂ ਵਲੋਂ ਸਾਰਾ ਦਿਨ ਲੰਗਰਾਂ ਅਤੇ ਚਾਹ-ਪਕੌੜਿਆਂ ਦੀਆਂ ਸੇਵਾਵਾਂ ਚਲਦੀਆਂ ਰਹੀਆਂ। ਖੇਡ-ਮੇਲੇ ਦੀ ਕਮੈਂਟਰੀ ਕਰਨ ਲਈ ਇਕਬਾਲ ਸਿੰਘ ਜੱਬੋਵਾਲੀਆਂ ਨੂੰ ਦਰਸ਼ਕਾਂ ਵਲੋਂ ਪਰਭੂਰ ਪਿਆਰ-ਸਤਿਕਾਰ ਦਿਤਾ ਗਿਆ ਅਤੇ ਸਮੂਹ ਕਮੇਟੀ ਟਰਾਫ਼ੀ ਦੇ ਕੇ ਮਾਣ ਬਖ਼ਸ਼ਿਆਂ ਗਿਆ।

ਦੇਸ਼ ਦੁਆਬਾ

# ਭਾਰਤੀ ਸੰਵਿਧਾਨ ਦੇ ਨਿਰਮਾਤਾ

15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਅਤੇ 26 ਜਨਵਰੀ 1950 ਨੂੰ ਭਾਰਤ ਦਾ ਮੌਜੂਦਾ ਸੰਵਿਧਾਨ ਲਾਗੂ ਕੀਤਾ ਗਿਆ। ਭਾਰਤ ਦੇ ਇਸ ਸੰਵਿਧਾਨ ਨੂੰ ਤਿਆਰ ਕਰਨ ਲਈ ਕਈ ਵਿਦਵਾਨਾਂ ਨੇ ਅਹਿਮ ਭੂਮਿਕਾ ਨਿਭਾਈ, ਪਰ ਸਭ ਤੋਂ ਵੱਧ ਭੂਮਿਕਾ ਭਾਰਤ ਰਤਨ ਡਾ. ਭੀਮ ਰਾਓ ਰਾਮਜੀ ਅੰਬੇਦਕਰ ਨੇ ਨਿਭਾਈ, ਜਿਹਨਾਂ ਨੇ ਪੂਰੀ ਦੁਨੀਆਂ ਦੇ ਸੰਵਿਧਾਨਾਂ ਦਾ ਵਿਸਥਾਰ ਵਿਚ ਅਧਿਐਨ ਕੀਤਾ ਅਤੇ ਭਾਰਤ ਨੂੰ ਇਕ ਅਜਿਹਾ ਸੰਵਿਧਾਨ ਦਿੱਤਾ, ਜਿਹੜਾ ਇਸ ਖਿੱਤੇ ਵਿਚ ਵੱਸਦੇ ਸਾਰੇ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕਲਿਆਣ ਵਿਚ ਸਹਾਈ ਬਣਿਆ। ਇਸ ਸੰਵਿਧਾਨ ਦੇ ਨਿਰਮਾਣ ਲਈ ਡਾ. ਅੰਬੇਦਕਰ ਦੀ ਘਾਲਣਾ ਨੂੰ ਭਾਰਤ ਵਰਸ਼ ਹੀ ਨਹੀਂ ਪੂਰੀ ਦੁਨੀਆਂ ਨੇ ਸ਼ਲਾਘਾ ਦਾ ਵਿਸ਼ਾ ਬਣਾਇਆ। ਇਸ ਸੰਵਿਧਾਨ ਵਿਚ ਸਾਰੇ ਨਾਗਰਿਕਾਂ ਨੂੰ ਬੁਨਿਆਦੀ ਅਧਿਕਾਰ ਦਿੱਤੇ ਗਏ, ਕਮਜ਼ੋਰ ਅਤੇ ਪੱਛੜਿਆਂ ਨੂੰ ਵਿਸ਼ੇਸ਼ ਸੁਰੱਖਿਆ ਦਿੱਤੀ ਗਈ, ਘੱਟ ਗਿਣਤੀਆਂ ਦਾ ਖਿਆਲ ਰੱਖਿਆ ਗਿਆ, ਸਦੀਆਂ ਤੋਂ ਪਛਾੜੇ ਹੋਏ ਅਤੇ ਲਤਾੜੇ ਦਲਿਤ ਸਮਾਜ ਨੂੰ ਉਚਾ ਚੁੱਕਣ ਲਈ ਕਦਮ ਚੁੱਕੇ ਗਏ। ਭਾਰਤ ਨੇ ਇਸ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਬਹੁਤ ਤੇਜ਼ ਗਤੀ ਨਾਲ ਤਰੱਕੀ ਕੀਤੀ, ਸਮਾਜਿਕ ਸੁਧਾਰ ਕੀਤੇ ਅਤੇ ਗਰੀਬੀ ਦੀ ਜਿੱਲਣ ਵਿਚੋਂ ਨਿਕਲਣ ਲਈ ਉਦਮ ਕੀਤਾ। ਹਾਲਾਂਕਿ ਇਹ ਅਫਸੋਸ ਨਾਲ ਕਿਹਾ ਜਾਂਦਾ ਹੈ ਕਿ ਅੱਜ ਤੱਕ ਭਾਰਤ ਵਿਚ ਜਾਤੀ ਪ੍ਰਥਾ ਅਤੇ ਦਲਿਤਾਂ, ਪੱਛੜਿਆਂ ਦੇ ਕਲਿਆਣ ਦਾ ਉਹ ਟੀਚਾ ਪੂਰਾ ਨਹੀਂ ਹੋ ਸਕਿਆ।

ਅਜਿਹੇ ਮਹਾਨ ਪੁਰਸ਼ ਡਾ. ਅੰਬੇਦਕਰ ਜਿਹਨਾਂ ਨੂੰ ਭਾਰਤ ਰਤਨ ਦੇ ਖਿਤਾਬ ਨਾਲ ਨਿਵਾਜਿਆ ਗਿਆ, ਅੱਜ ਭਾਰਤ ਹੀ ਨਹੀਂ ਪੂਰੀ ਦੁਨੀਆਂ ਦੀ ਸਨਮਾਨਿਤ ਸ਼ਖਸੀਅਤ ਵਜੋਂ ਜਾਣੇ ਜਾਂਦੇ ਹਨ, ਪਰ ਇਹ ਬਹੁਤ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਭਾਰਤ ਵਿਚ ਹੀ ਡਾ. ਅੰਬੇਦਕਰ ਦਾ ਅਪਮਾਨ ਕਰਨ ਵਾਲਿਆਂ ਦੀ ਕਮੀ ਨਹੀਂ ਹੈ। ਇਕ ਬਹੁਪੱਖੀ ਵਿਦਵਾਨ, ਜਿਹਨਾਂ ਨੇ ਆਪਣੀ ਵਿਦਵਤਾ ਦੀ ਵਰਤੋਂ ਕਿਸੇ ਨਿੱਜੀ ਲਾਭ ਲਈ ਨਹੀਂ ਕੀਤੀ, ਬਲਕਿ ਸਮਾਜਿਕ ਕਲਿਆਣ ਨੂੰ ਆਪਣਾ ਜੀਵਨ ਸਮਰਪਿਤ ਕੀਤਾ, ਦੇ ਬੁੱਤ ਲਗਾਉਣ ਤੋਂ ਵੀ ਅੱਜ ਇਕ ਵਰਗ ਨੂੰ ਇਤਰਾਜ਼ ਹੋ ਰਿਹਾ ਹੈ। ਹਾਲ ਹੀ ਵਿਚ ਮਹਾਰਾਸ਼ਟਰ ਦੇ ਜ਼ਿਲ੍ਹਾ ਜਾਲਣਾ ਦੀ ਤਹਿਸੀਲ ਇਫਰਾਬਾਦ ਦੇ ਪਿੰਡ ਵਰੂਤ ਵਿਚ ਲੱਗੇ ਡਾ. ਅੰਬੇਦਕਰ ਦੇ ਵੱਡਆਕਾਰੀ ਕੱਟ ਆਊਟ (ਵੱਡ ਆਕਾਰੀ ਤਸਵੀਰ) ਨੂੰ ਉਥੋਂ ਦੀ ਪੰਚਾਇਤ ਨੇ ਉਖਾੜਨ ਦਾ ਤਹੱਈਆ ਕਰ ਲਿਆ ਤਾਂ ਅੰਬੇਡਕਰਈਟ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਗੱਲ ਇੱਥੇ ਹੀ ਖਤਮ ਹੋ ਜਾਂਦੀ ਤਾਂ ਵੱਖਰੀ ਗੱਲ ਸੀ, ਬਲਕਿ ਪੰਚਾਇਤ ਨੇ ਪੂਰੇ ਪ੍ਰਸ਼ਾਸਨ, ਪੁਲਿਸ ਦੀ ਵਰਤੋਂ ਕਰਕੇ ਵਿਰੋਧ ਕਰਨ ਵਾਲਿਆਂ ਤੇ ਲਾਠੀਆਂ ਚਲਾਈਆਂ, ਅੱਥਰੂ ਗੈਸ ਛੱਡੀ ਅਤੇ ਪਾਣੀ ਦੀ ਆਂ ਬੁਛਾੜਾਂ ਨਾਲ ਉਹਨਾਂ ਨੂੰ ਤਿਤਰ-ਬਿਤਰ ਕਰ ਦਿੱਤਾ। ਇਸ ਘਟਨਾ ਵਿਚ ਕਈ ਅੰਬੇਦਕਰਾਈਟ ਲੋਕ ਜ਼ਖਮੀ ਹੋ ਗਏ। ਇਹ ਘਟਨਾ ਉਸ ਸੂਬੇ ਵਿਚ ਵਾਪਰੀ ਹੈ, ਜਿੱਥੇ ਡਾ. ਅੰਬੇਦਕਰ ਨੇ ਆਪਣੇ ਜੀਵਨ ਦਾ ਕਾਫੀ ਸਮਾਂ ਗੁਜ਼ਾਰਿਆ, ਜਨਤਕ ਜਾਗਰਤੀ ਲਿਆਂਦੀ ਅਤੇ ਸਮਾਜਿਕ ਬਰਾਬਰੀ ਲਈ ਸੰਘਰਸ਼ ਕੀਤਾ।

ਸਿਰਫ ਮਹਾਰਾਸ਼ਟਰ ਵਿਚ ਹੀ ਨਹੀਂ ਬਲਕਿ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਵੀ ਅਜਿਹੀਆਂ ਘਟਨਾਵਾਂ ਆਮ ਵਾਪਰਦੀਆਂ ਰਹਿੰਦੀਆਂ ਹਨ। ਭਾਰਤ ਦੇ ਲੋਕਾਂ ਲਈ ਇਹ ਸ਼ਰਮਨਾਕ ਗੱਲ ਹੈ ਕਿ ਰਾਸ਼ਟਰ ਡਾ. ਅੰਬੇਦਕਰ ਨੂੰ ਭਾਰਤ ਰਤਨ ਦੀ ਉਪਾਧੀ ਦੇ ਰਿਹਾ ਹੈ, ਪਰ ਪੁਲਿਸ ਅਤੇ ਪ੍ਰਸ਼ਾਸਨ ਉਹਨਾਂ ਦੇ ਬੁੱਤ ਵੀ ਨਹੀਂ ਲਗਾਉਣ ਦਿੰਦਾ। ਡਾ. ਅੰਬੇਦਕਰ ਦੀ ਅੱਜ ਦੇ ਭਾਰਤੀ ਲੋਕਤੰਤਰ ਲਈ ਜੋ ਦੇਣ ਹੈ, ਉਹ ਇਕ ਅਜਿਹੀ ਲਾਸਾਨੀ ਦੇਣ ਹੈ, ਜਿਸ ਨੂੰ ਨਤਮਸਤਕ ਹੋਣਾ ਬਣਦਾ ਹੈ, ਪਰ ਉਹਨਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਸ਼ਾਇਦ ਇਹ ਗੱਲ ਸਮਝ ਨਹੀਂ ਆਉਂਦੀ ਕਿ ਬਰਾਬਰੀ ਤੇ ਆਧਾਰਿਤ ਸਮਾਜ ਹੀ ਸਿਹਤਮੰਦ ਸਮਾਜ ਹੁੰਦਾ ਹੈ। ਦੁਨੀਆਂ ਵਿਚ ਉਹਨਾਂ ਹੀ ਮੁਲਕਾਂ ਨੇ ਸਭ ਤੋਂ ਜ਼ਿਆਦਾ ਤਰੱਕੀ ਕੀਤੀ ਹੈ, ਜਿੱਥੇ ਪੂਰਨ ਸਮਾਜਿਕ ਸਮਾਨਤਾ ਦਾ ਸੰਕਲਪ ਅਪਣਾਇਆ ਗਿਆ ਹੈ।


**- ਤਰਸੇਮ ਜਲੰਧਰੀ (ਸੰਪਾਦਕ)**

# ਸ਼ਹੀਦ ਊਧਮ ਸਿੰਘ ਨੇ ਜਲਿਆਂ ਵਾਲਾ ਬਾਗ ਗੋਲੀਕਾਂਡ ਵਿੱਚ ਸ਼ਹੀਦ ਹੋਏ ਭਾਰਤੀਆਂ ਦਾ ਬਦਲਾ ਇੰਗਲੈਂਡ ਜਾਕੇ ਲਿਆ



ਕੁਲਦੀਪ ਚੰਦ
9417563054

ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਦੇ ਪ੍ਰਮੁੱਖ ਕ੍ਰਾਂਤੀਕਾਰੀ ਸਰਦਾਰ ਊਧਮ ਸਿੰਘ ਦਾ ਨਾਮ ਅਮਰ ਹੈ। ਆਮ ਧਾਰਨਾ ਹੈ ਕਿ ਉਹਨਾਂ ਨੇ ਜ਼ਲਿਆਵਾਲਾ ਬਾਗ ਹੱਤਿਆਕਾਂਡ ਦੇ ਦੋਸ਼ੀ ਜਨਰਲ ਡਾਇਰ ਨੂੰ ਲੰਡਨ ਵਿੱਚ ਜਾ ਕੇ ਗੋਲੀ ਮਾਰੀ ਅਤੇ ਨਿਰਦੋਸ਼ ਲੋਕਾਂ ਦੀ ਹੱਤਿਆ ਦਾ ਬਦਲਾ ਲਿਆ, ਪਰ ਕੁਝ ਇਤਿਹਾਸਕਾਰਾ ਦਾ ਮੰਨਣਾ ਹੈ ਕਿ ਉਹਨਾਂ ਨੇ ਮਾਈਕਲ ਓਡਵਾਇਰ ਨੂੰ ਮਾਰਿਆ ਸੀ, ਜੋ ਜ਼ਲਿਆਵਾਲਾ ਬਾਗ ਕਾਂਡ ਦੇ ਸਮੇਂ ਪੰਜਾਬ ਦਾ ਗਵਰਨਰ ਸੀ। ਓਡਵਾਇਰ ਜਿੱਥੇ ਊਧਮ ਸਿੰਘ ਦੀ ਗੋਲੀ ਨਾਲ ਮਰਿਆ, ਉੱਥੇ ਜਨਰਲ ਡਾਇਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋਣ ਕਰਕੇ ਮਰਿਆ। ਸ਼ਹੀਦ ਊਧਮ ਸਿੰਘ ਦਾ ਜਨਮ ਪਿਤਾ ਟਹਿਲ ਸਿੰਘ ਅਤੇ ਮਾਤਾ ਨਰੈਣ ਕੌਰ ਦੇ ਘਰ 26 ਦਸੰਬਰ 1899 ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਪਿੰਡ ਵਿੱਚ ਹੋਇਆ ਸੀ ਅਤੇ ਬਚਪਨ ਵਿੰਚ ਸ਼ਹੀਦ ਉਧਮ ਸਿੰਘ ਦਾ ਨਾਮ ਸ਼ੇਰ ਸਿੰਘ ਸੀ। ਸੰਨ 1901 ਵਿੱਚ ਊਧਮ ਸਿੰਘ ਦੀ ਮਾਤਾ ਅਤੇ 1907 ਵਿੱਚ ਉਹਨਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਇਸ ਘਟਨਾ ਤੋਂ ਬਾਦ ਉਹਨਾਂ ਨੂੰ ਆਪਣੇ ਵੱਡੇ ਭਰਾ ਮੁਕਤਾ ਸਿੰਘ ਸੀ ਦੇ ਨਾਲ ਅਨਾਥ ਆਸ਼ਰਮ ਵਿੱਚ ਸ਼ਰਣ ਲੈਣੀ ਪਈ ਜਿੱਥੇ ਦੋਵਾਂ ਭਰਾਵਾਂ ਨੂੰ ਊਧਮ ਸਿੰਘ ਅਤੇ ਸਾਧੂ ਸਿੰਘ ਦੇ ਰੂਪ ਵਿੱਚ ਨਵੇਂ ਨਾਮ ਮਿਲੇ। ਇਤਿਹਾਸਕਾਰਾਂ ਅਨੁਸਾਰ ਊਧਮ ਸਿੰਘ ਦੇਸ਼ ਵਿੱਚ ਸਰਵ ਧਰਮ ਸੁਭਾਅ ਦੇ ਪ੍ਰਤੀਕ ਸਨ ਅਤੇ ਇਸ ਲਈ ਉਹਨਾਂ ਨੇ ਆਪਣਾ ਨਾਮ ਬਦਲ ਕੇ ਰਾਮ ਮੁਹੰਮਦ ਆਜ਼ਾਦ ਸਿੰਘ ਰੱਖ ਲਿਆ ਸੀ ਜੋ ਭਾਰਤ ਦੇ ਤਿੰਨ ਪ੍ਰਮੁੱਖ ਧਰਮਾਂ ਦਾ ਪ੍ਰਤੀਕ ਹੈ। 1917 ਵਿੱਚ ਉਹਨਾਂ ਦੇ ਵੱਡੇ ਭਰਾ ਦਾ ਦੇਹਾਂਤ ਹੋ ਗਿਆ। 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜ਼ਲਿਆਵਾਲੇ ਬਾਗ ਵਿੱਚ 19 ਸਾਲ ਦੇ ਅਨਾਥ ਊਧਮ ਸਿੰਘ ਨੂੰ ਅਨਾਥ ਆਸ਼ਰਮ ਵੱਲੋਂ ਸੇਵਾ ਕਰਨ ਲਈ ਭੇਜਿਆ ਗਿਆ ਸੀ। ਉਹ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਹੇ ਸਨ। ਅੰਗਰੇਜ਼ ਅਫਸਰ ਮਾਈਕਲ ਓਡਵਾਇਰ ਦੇ ਹੁਕਮ ਨਾਲ ਜਨਰਲ ਡਾਇਰ ਨੇ ਬਿਨਾਂ ਚੇਤਾਵਨੀ ਦਿੱਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਗੋਲੀ ਕਾਂਡ ਅਤੇ ਨਿਹੱਥੇ ਲੋਕਾਂ ਦੀ ਸ਼ਹੀਦੀ ਦੀ ਘਟਨਾ ਨੂੰ ਸ਼ਹੀਦ ਊਧਮ ਸਿੰਘ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਜ਼ਲਿਆਵਾਲੇ ਬਾਗ ਦੀ ਮਿੱਟੀ ਨੂੰ ਹੱਥ ਵਿੱਚ ਲੈ ਕੇ ਜਨਰਲ ਡਾਇਰ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਇਸਤੋਂ ਬਾਦ ਉਹਨਾਂ ਨੇ ਅਨਾਥ ਆਸ਼ਰਮ ਛੱਡ ਦਿੱਤਾ ਅਤੇ ਕ੍ਰਾਂਤੀਕਾਰੀਆਂ ਦੇ ਨਾਲ ਮਿਲ ਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋ ਗਏ। ਊਧਮ ਸਿੰਘ ਅਨਾਥ ਹੋ ਗਏ ਸੀ, ਪਰ ਇਸਦੇ ਬਾਵਜੂਦ ਉਹ ਘਬਰਾਏ ਨਹੀ ਅਤੇ ਦੇਸ਼ ਦੀ ਆਜ਼ਾਦੀ ਅਤੇ ਜਨਰਲ ਡਾਇਰ ਨੂੰ ਮਾਰਨ ਦੀ ਆਪਣੀ ਸੌਂਹ ਨੂੰ ਪੂਰਾ ਕਰਨ ਦੇ ਲਈ ਲਗਾਤਾਰ ਕੰਮ ਕਰਦੇ ਰਹੇ। ਸ਼ਹੀਦ ਊਧਮ ਸਿੰਘ ਸ਼ਹੀਦ ਭਗਤ ਸਿੰਘ ਦੇ ਤੋਂ ਬਹੁਤ ਪ੍ਰਭਾਵਿਤ ਸਨ ਜਿਸ ਕਰਕੇ ਉਹ 1824 ਵਿੱਚ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਗਏ ਸਨ। ਆਪਣੇ ਮਿਸ਼ਨ ਨੂੰ ਅੰਜ਼ਾਮ ਦੇਣ ਲਈ ਊਧਮ ਸਿੰਘ ਲੰਡਨ ਚਲੇ ਗਏ। ਮਾਈਕਲ ਓਡਵਾਇਰ ਨੂੰ ਠਿਕਾਣੇ ਲਗਾਉਣ ਲਈ ਇਹ ਕ੍ਰਾਂਤੀਕਾਰੀ ਵੀਰ ਉਚਿਤ ਸਮੇਂ ਦਾ ਇੰਤਜ਼ਾਰ ਕਰਨ ਲੱਗਾ ਉਹਨਾਂ ਨੂੰ ਇਹ ਮੌਕਾ 13 ਮਾਰਚ 1940 ਵਿੱਚ ਮਿਲ ਗਿਆ। ਲੰਡਨ ਦੇ ਕਾਕਸਨ ਹਾਲ ਵਿੱਚ ਮੀਟਿੰਗ ਸੀ। ਜਿਸਦੀ ਪ੍ਰਧਾਨਗੀ ਮਾਈਕਲ ਓਡਵਾਇਰ ਕਰ ਰਿਹਾ ਸੀ। ਊਧਮ ਸਿੰਘ ਸਮੇਂ ਤੇ ਮੀਟਿੰਗ ਵਾਲੇ ਸਥਾਨ ਤੇ ਪਹੁੰਚ ਗਿਆ, ਜਦੋਂ ਮਾਈਕਲ ਓਡਵਾਇਰ ਬੋਲ ਰਿਹਾ ਸੀ ਤਾਂ ਅਫਗਾਨਿਸਤਾਨ ਦੀ ਗੱਲ ਕਰਦੇ ਹੋਏ ਜਦੋਂ ਭਾਰਤ ਵਿਰੋਧੀ ਗੱਲਾਂ ਕਰਨ ਲੱਗਿਆ ਤਾਂ ਉਸੇ ਸਮੇਂ ਤਾੜੀਆਂ ਦੀ ਗੜਗੜਾਹਟ ਵਿੱਚ ਸ਼ਹੀਦ ਊਧਮ ਸਿੰਘ ਨੇ ਉਸਤੇ ਗੋਲੀਆਂ ਚਲਾ ਦਿੱਤੀਆਂ। ਆਪਣੀ ਸੌਂਹ ਪੂਰੇ ਕਰਕੇ ਊਧਮ ਸਿੰਘ ਨੇ ਸਾਰੀ ਦੁਨੀਆਂ ਨੂੰ ਸੰਦੇਸ਼ ਦਿੱਤਾ ਕਿ ਅੱਤਿਆਚਾਰੀਆਂ ਨੂੰ ਭਾਰਤੀ ਕਦੀ ਮਾਫ ਨਹੀਂ ਕਰਦੇ ਹਨ। ਇਸਤੋਂ ਬਾਦ ਸ਼ਹੀਦ ਊਧਮ ਸਿੰਘ ਨੇ ਉਥੋਂ ਭੱਜਣ ਦੀ ਥਾਂ ਤੇ ਆਪਣੀ ਗ੍ਰਿਫਤਾਰੀ ਆਪ ਦੇ ਦਿੱਤੀ। ਊਧਮ ਸਿੰਘ ਉਪਰ ਮੁਕੱਦਮਾ ਚਲਾਇਆ ਗਿਆ। ਅਦਾਲਤ ਵਿੱਚ ਜਦੋਂ ਉਹਨਾਂ ਤੋਂ ਪੁੱਛਿਆ ਗਿਆ ਕਿ ਉਹ ਡਾਇਰ ਦੇ ਹੋਰ ਸਾਥੀਆਂ ਨੂੰ ਵੀ ਮਾਰ ਸਕਦੇ ਸਨ ਪਰ ਉਹਨਾਂ ਨੇ ਅਜਿਹਾ ਕਿਉਂ ਨਹੀਂ ਕੀਤਾ ਤਾਂ ਉਨ੍ਹਾਂ ਜਵਾਬ ਦਿਤਾ ਕਿ ਉੱਥੇ ਕਈ ਮਹਿਲਾਵਾਂ ਵੀ ਸਨ ਅਤੇ ਭਾਰਤੀ ਸੰਸਕ੍ਰਿਤੀ ਵਿੱਚ ਮਹਿਲਾਵਾਂ ਤੇ ਹਮਲਾ ਕਰਨਾ ਪਾਪ ਹੈ। ਊਧਮ ਸਿੰਘ ਨੂੰ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਅਤੇ 31 ਜੁਲਾਈ 1940 ਨੂੰ ਉਹਨਾਂ ਨੂੰ ਪੇਂਟਨਵਿਲੇ ਜ਼ੇਲ ਵਿੱਚ ਫਾਂਸੀ ਦੇ ਦਿੱਤੀ ਗਈ। ਇਸ ਤਰ੍ਹਾਂ ਇਹ ਕ੍ਰਾਂਤੀਕਾਰੀ ਦੇਸ਼ ਦੇ ਆਜ਼ਾਦੀ ਦੇ ਅੰਦੋਲਨ ਦੇ ਇਤਿਹਾਸ ਵਿੱਚ ਅਮਰ ਹੋ ਗਿਆ। ਇਸ ਅਣਖੀਲੇ ਦੇਸ਼ ਭਗਤ ਦੀ ਸ਼ਹੀਦੀ ਤੇ ਇੰਗਲੈਂਡ ਦੀ ਅਖਬਾਰ ਟਾਈਮਸ ਆਫ ਲੰਡਨ ਨੇ ਸ਼ਹੀਦ ਊਧਮ ਸਿੰਘ ਨੂੰ ਅਜ਼ਾਦੀ ਘੁਲਾਟੀਆਂ ਕਰਾਰ ਦਿੱਤਾ ਪਰਤੂੰ ਦੇਸ਼ ਦੇ ਕੁੱਝ ਆਗੂਆਂ ਨੇ ਇਸ ਕਾਂਡ ਦੀ ਨਿਖੇਧੀ ਕੀਤੀ। ਆਖਿਰ 15 ਅਗਸਤ 1947 ਨੂੰ ਭਾਰਤ ਦੇਸ਼ ਅਜ਼ਾਦ ਹੋ ਗਿਆ ਪਰੰਤੂ ਲੱਗਭੱਗ 28 ਸਾਲਾਂ ਬਾਦ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਦੇਸ਼ ਨੂੰ ਸੌਂਪੀਆਂ ਅਤੇ ਅਜੇ ਵੀ ਕਈ ਨਿਸ਼ਾਨੀਆਂ ਇੰਗਲੈਂਡ ਵਿੱਚ ਹੀ ਹਨ। ਹਰ ਸਾਲ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਇਸ ਸ਼ਹੀਦ ਦੀ ਬਰਸੀ ਮਨਾਈ ਜਾਂਦੀ ਹੈ ਪਰ ਉਸਤੋਂ ਬਾਦ ਬਹੁਤੀਆਂ ਸਰਕਾਰਾਂ ਅਤੇ ਲੋਕ ਸ਼ਹੀਦ ਨੂੰ ਭੁੱਲ ਜਾਂਦੇ ਹਨ। ਅੱਜ ਜਰੂਰਤ ਹੈ ਦੇਸ਼ ਭਗਤਾਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਅਪਣੇ ਦੇਸ਼ਵਾਸੀਆਂ ਨੂੰ ਜਾਣੂ ਕਰਵਾਉਣ ਦੀ ਪਰੰਤੂ ਸਰਕਾਰਾਂ ਦੀ ਅਣਗਹਿਲੀ ਅਤੇ ਲਾਪਰਵਾਹੀ ਕਾਰਨ ਅਜ਼ਾਦੀ ਦੇ 66 ਸਾਲ ਬੀਤਣ ਬਾਦ ਵੀ ਕਈ ਦੇਸ਼ ਭਗਤਾਂ ਅਤੇ ਸ਼ਹੀਦਾਂ ਨੂੰ ਬਣਦਾ ਮਾਨ ਸਨਮਾਨ ਨਹੀਂ ਮਿਲਿਆ ਹੈ।




## ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੀ ਤਸਵੀਰ ਭਾਰਤੀ ਕੌਂਸਲੇਟ ਜਨਰਲ ਦਫਤਰ ਵਿਖੇ ਸੁਸ਼ੋਭਿਤ ਹੋਵੇਗੀ

ਸੈਕਰਾਮੈਂਟੋ (ਡੀ. ਡੀ. ਬੀ.) ਭਾਰਤੀ ਸੰਵਿਧਾਨਦੇ ਮੁੱਖ ਸ਼ਿਲਪਕਾਰ ਅਤੇ ਹਿਊਮਨ ਰਾਈਟਸ ਚੈਂਪੀਅਨ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦੀ ਤਸਵੀਰ ਭਾਰਤੀ ਕੌਂਸਲੇਟ ਜਨਰਲ ਦਫਤਰ ਸਾਨਫਰਾਂਸਿਸਕੋ (ਕੈਲੇਫੋਰਨੀਆ) ਵਿਖੇ 14 ਅਗਸਤ ਦਿਨ ਵੀਰਵਾਰ ਬਾਅਦ ਦੁਪਹਿਰ 3 ਵਜੇ ਸੁਸ਼ੋਭਿਤ ਕੀਤੀ ਜਾਵੇਗੀ।

ਯਾਦ ਰਹੇ ਪਿਛਲੇ ਦਿਨੀਂ (28 ਜੂਨ) ਨੂੰ ਸੈਕਰਾਮੈਂਟੋ ਵਿਖੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜਨਮ ਦਿਨ ਮਨਾਏ ਜਾਣ ਸਮੇਂ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਭਾਰਤੀ ਕੌਂਸਲੇਟ ਜਨਰਲ ਸ੍ਰੀ ਐਨ ਪਾਰਥਸਾਰਥੀ ਜੀ ਨੇ ਆਪਣੇ ਭਾਸ਼ਣ ਦੌਰਾਨ ਇਹ ਯਕੀਨ ਦਿਵਾਇਆ ਸੀ ਕਿ ਅਗਸਤ ਮਹੀਨੇ ਡਾ. ਅੰਬੇਦਕਰ ਦੀ ਤਸਵੀਰ ਭਾਰਤੀ ਕੌਂਸਲੇਟ ਜਨਰਲ ਦਫਤਰ ਸਾਨਫਰਾਂਸਿਸਕੋ ਵਿਖੇ ਲਗਾ ਦਿੱਤੀ ਜਾਵੇਗੀ।

ਸੋ ਸ੍ਰੀ ਪਾਰਥਾਸਾਰਥੀ ਜੀ ਨੇ ਆਪਣੇ ਵਾਅਦੇ ਨੂੰ ਪੂਰਾ ਕਰ ਦਿਖਾਇਆ। ਭਾਰਤੀ ਕੌਂਸਲੇਟ ਜਨਰਲ ਦਫਤਰ ਦੇ ਕੌਂਸਲ ਸ੍ਰੀ ਅਨੰਦ ਕੁਮਾਰ ਝਾਅ ਅਨੁਸਾਰ ਡਾ. ਅੰਬੇਦਕਰ ਜੀ ਦੀ ਤਸਵੀਰ ਦਫਤਰ ਦੇ ਸੈਂਟਰਲ ਹਾਲ ਵਿਖੇ ਲਗਾਈ ਜਾਵੇਗੀ। ਉਹਨਾਂ ਸ੍ਰੀ ਬੰਗਾ ਨੂੰ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਹੋਰ ਕਮਿਊਨਿਟੀ ਆਗੂਆਂ ਨਾਲ ਪਹੁੰਚਣ ਦੀ ਕਿਰਪਾਲਤਾ ਕਰਨ।

## ਸੰਤ ਬਾਬਾ ਨਿਧਾਨ ਸਿੰਘ ਕਲਚਰ ਸੁਸਾਇਟੀ ਵੱਲੋਂ ਹੋਣ ਵਾਲਾ ਖੇਡ ਮੇਲਾ ਮੁਅਤਵੀ, ਨਵੀਂ ਤਰੀਕ ਜਲਦੀ- ਜਸਵਾਲ

ਨਿਊਯਾਰਕ (ਰਾਜ ਗੋਗਨਾ ਭੁਲੱਥ)- ਸੰਤ ਬਾਬਾ ਨਿਧਾਨ ਸਿੰਘ ਕਲਚਰ ਸੁਸਾਇਟੀ ਨਿਊਯਾਰਕ ਵੱਲੋਂ ਕਰਵਾਇਆ ਜਾਂਦਾ ਟੂਰਨਾਮੈਂਟ, ਸੰਤਾਂ ਦੀ ਯਾਦ ਵਿਚ ਜੋ 26 ਅਤੇ 27 ਜੁਲਾਈ ਨੂੰ ਮਾਈਕਲ ਜੇ ਟੁੱਲੀ ਪਾਰਕ ਸਟੇਡੀਅਮ ਨਿਊਹਾਈਡ ਪਾਰਕ ਵਿਖੇ ਕਰਵਾਇਆ ਜਾਂਦਾ ਹੈ, ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਸੁਸਾਇਟੀ ਦੇ ਜਨਰਲ ਸਕੱਤਰ ਸ: ਗੁਰਮੀਤ ਸਿੰਘ ਜਸਵਾਲ ਨੇ ਦੱਸਿਆ ਕਿ ਇਹ ਖੇਡ ਮੇਲਾ ਜੋ ਉਹ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਯਾਦ ਵਿਚ ਪਿਛਲੇ ਦਸ ਸਾਲਾਂ ਤੋਂ ਮਨਾਉਂਦੇ ਆ ਰਹੇ ਹਨ ਅਤੇ ਹੁਣ ਇਹ 11ਵੇਂ ਸਾਲ ਵਿਚ ਪ੍ਰਵੇਸ਼ ਕਰ ਚੁੱਕਾ ਹੈ, ਕਿਉਂਕਿ ਵਰਲਡ ਕੱਪ ਦੀਆਂ ਤਾਰੀਖਾਂ ਨੂੰ ਦੇਖਦੇ ਹੋਏ ਅੱਗੇ ਪਾ ਦਿੱਤਾ ਹੈ। ਕਿਉਂਕਿ ਕਾਉਂਟੀ ਵੱਲੋਂ ਕੁਝ ਇਤਰਾਜ਼ ਕੀਤੇ ਜਾ ਰਹੇ ਸਨ। ਉਹਨਾਂ ਦੱਸਿਆ ਕਿ ਇਹ 11ਵਾਂ ਸਾਲਾਨਾ ਖੇਡ ਮੇਲਾ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਕ ਪੁੱਜਦੇ ਹਨ, ਇਸ ਨੂੰ ਸਤੰਬਰ ਮਹੀਨੇ ਵਿਚ ਲੇਬਰ ਡੇਅ ਦੇ ਲਾਗੇ ਤਰੀਕ ਨਿਸਚਿਤ ਕਰਕੇ ਜਨਤਾ ਨੂੰ ਜਾਣਕਾਰੀ ਦਿੱਤੀ ਜਾਵੇਗੀ।

## ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦਾ ਨੌਂਵਾਂ ਵਾਰਸ਼ਿਕ ਸਮਾਗਮ 10 ਅਗਸਤ ਨੂੰ

ਯੂਨੀਅਨ ਸਿਟੀ- ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਜੋ ਕਿ ਸਵਰਗੀ ਸ: ਜੰਗ ਸਿੰਘ ਗਿਆਨੀ ਅਤੇ ਮਾਣਯੋਗ ਆਜ਼ਾਦ ਜਲੰਧਰੀ ਹੋਰਾਂ ਦੇ ਸਾਂਝੇ ਉਦਮ ਨਾਲ 2005 ਵਿਚ ਸਥਾਪਤ ਕੀਤਾ ਗਿਆ ਸੀ, ਵੱਲੋਂ ਨੌਵਾਂ ਵਾਰਸ਼ਿਕ ਸਮਾਗਮ ਇਸ ਸਾਲ ਵੀ 10 ਅਗਸਤ ਦਿਨ ਐਤਵਾਰ ਨੂੰ ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ, ਯੂਨੀਅਨ ਸਿਟੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਸਬੰਧੀ ਜਾਣਕਾਰੀ ਲਈ 510-489-9100 ਤੇ ਸੰਪਰਕ ਕੀਤਾ ਜਾ ਸਕਦਾ ਹੈ। ਪੰਜਾਬੀ ਸਾਹਿਤ ਪਬ-ਲੀਕੇਸ਼ਨ ਟਰੱਸਟ ਜਿਸ ਦਾ ਮੁੱਖ ਮਨੋਰਥ ਪੁਰਾਣਾ ਅਤੇ ਨਵਾਂ ਸਾਹਿਤ ਛਾਪ ਕੇ ਪਾਠਕਾਂ ਨੂੰ ਭੇਂਟ ਕਰਨਾ ਹੈ ਅਤੇ ਕਵੀ ਦਰਬਾਰਾਂ ਰਾਹੀਂ ਪਾਠਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਹੈ। ਟਰੱਸਟ ਨੇ ਇਸ ਸਾਲ ਵੀ ਸਾਲਾਨਾ ਪ੍ਰੋ-ਗਰਾਮ ਦਾ ਪ੍ਰਬੰਧ ਕੀਤਾ ਹੈ ਜਿਸ ਵਿਚ ਇਕ ਨਵੀਂ ਪੁਸਤਕ ਗਲੈਂਪਸਿਸ ਆਫ ਸਿੱਖ ਹਿਸਟਰੀ ਪਾਠਕਾਂ ਨੂੰ ਭੇਂਟ ਕੀਤੀ ਜਾਵੇਗੀ।

ਡਾ. ਗੁਰੂਮੇਲ ਸਿੱਧੂ ਦੀ ਨਵੀਂ ਪੁਸਤਕ 'ਗਦਰ ਲਹਿਰ ਦਾ ਦੂਜਾ ਪੱਖ: ਸ਼ਹਿਰੀਅਤ ਅਤੇ ਜਾਇਦਾਦ ਲਈ ਸੰਘਰਸ਼'' ਦੀ ਵੀ ਘੁੰਡ ਚੁਕਾਈ ਹੋਵੇਗੀ। ਬਾਅਦ ਵਿਚ ਕਵੀ ਦਰਬਾਰ ਹੋਵੇਗਾ, ਜਿਸ ਵਿਚ ਆਜ਼ਾਦ ਜਲੰਧਰੀ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਸਿੰਘ ਕੰਗ, ਕੁਲਵਿੰਦਰ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਜਗਜੀਤ ਨੁਸ਼ਹਿਰਵੀ, ਹਰਿਭਜਨ ਢਿੱਲੋਂ, ਭੁਪਿੰਦਰ ਦਲੇਰ, ਈਸ਼ਰ ਸਿੰਘ ਮੋਮਨ, ਰੇਸ਼ਮ ਸਿੱਧੂ, ਸ਼ਸ਼ੀ ਸਮੁੰਦਰਾ, ਨਵਨੀਤ ਪੰਨੂੰ, ਗੁਲਸ਼ਨ ਦਿਆਲ, ਫਾਰੂਖ ਤਰਾਜ਼, ਨੀਲਮ ਸੈਣੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਾਰਾ ਸਾਗਰ, ਕੰਵਲ ਬੰਗਾ, ਚਰਨਜੀਤ ਸਿੰਘ ਪੰਨੂ ਆਦਿ ਭਾਗ ਲੈਣਗੇ। ਗੀਤ ਸੰਗੀਤ ਦੀ ਮਹਿਫਲ ਸੁਖਦੇਵ ਸਾਹਿਲ, ਹਰਭਜਨ ਸਿੰਘ ਭਜਨ ਅਤੇ ਤ੍ਰਿਲੋਕ ਸਿੰਘ ਸਜਾਉਣਗੇ। (ਬਿਊਰੋ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਸਪਾ ਦੇ ਸੰਘਰਸ਼ ਅੱਗੇ ਝੁਕੀ ਸਰਕਾਰ

## ਪੋਸਟ ਮੈਟ੍ਰਿਕ ਸਕਾਲਰਸ਼ਿਪ ਸਬੰਧੀ ਸਾਰੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾ ਜਾਰੀ ਕੀਤੀਆ -ਨੰਗਲ

ਫਗਵਾੜਾ (ਬੀ ਕੇ ਰੱਤੂ)– ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਹੁੰਦੇ ਵਿਦਿਆਰਥੀਆਂ ਕੋਲੋਂ ਦਾਖਲੇ ਸਮੇਂ ਕਿਸੇ ਵੀ ਤਰ੍ਹਾਂ ਦੀਆਂ ਫੀਸਾਂ ਜਾਂ ਫੰਡ ਨਾ ਲਏ ਜਾਣ ਦੀ ਬਹੁਜਨ ਸਮਾਜ ਪਾਰਟੀ ਦੀ ਮੰਗ ਅੱਗੇ ਸਰਕਾਰ ਨੂੰ ਆਖਿਰਕਾਰ ਝੁਕਣਾ ਪਿਆ ਅਤੇ ਸਰਕਾਰ ਵਲੋਂ ਇਸ ਸਬੰਧੀ ਸਾਰੇ ਜਿਲ੍ਹਾ ਡਿਪਟੀ ਕਮੀਸ਼ਨਰਾਂ ਨੂੰ ਸਰਕੂਲਰ ਜਾਰੀ ਕਰ ਦਿੱਤਾ ਗਿਆ ਹੈ। ਇਸਦੀ ਜਾਣਕਾਰੀ ਬਹੁਜਨ ਸਮਾਜ ਪਾਰਟੀ ਪੰਜਾਬ ਦੀ 5 ਮੈਂਬਰੀ ਐਕਸ਼ਨ ਕਮੇਟੀ ਦੇ ਮੈਂਬਰ ਜਰਨੈਲ ਨੰਗਲ ਨੇ ਦਿੰਦਿਆ ਕਿਹਾ ਕਿ ਇਸ ਸਾਲ ਦਾਖਲੇ ਸਮੇਂ ਪੰਜਾਬ ਦੇ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਵਲੋਂ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਦੇ ਵਿਦਿਆਰਥੀਆਂ ਪਾਸੋਂ ਫੀਸਾਂ ਅਤੇ ਫੰਡਾਂ ਦੀ ਜਬਰੀ ਮੰਗ ਕੀਤੀ ਜਾ ਰਹੀ ਸੀ ਜਿਸ ਕਾਰਨ ਪੰਜਾਬ ਅੰਦਰ ਲੱਖਾਂ ਗਰੀਬ ਦਲਿਤ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਸੀ। ਪਰ ਬਸਪਾ ਵਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਲੈ ਕੇ ਬੀਤੀ 21 ਜੁਲਾਈ ਨੂੰ ਪੰਜਾਬ ਦੇ ਸਾਰੇ ਹੀ ਜਿਲ੍ਹਾ ਹੈਡ ਕੁਆਰਟਰਾਂ ਦੇ ਮੁਹਰੇ ਵਿਰੋਧ ਪ੍ਰਦਰਸ਼ਨ ਕੀਤੇ ਗਏ ਸਨ ਅਤੇ ਬਸਪਾ ਵਲੋਂ ਸਰਕਾਰ ਨੂੰ ਇਕ ਦਿਨ ਦਾ ਅਲਟੀਮੇਟਮ ਦਿੱਤਾ ਗਿਆ ਸੀ ਕਿ ਅਗਰ 22 ਜੁਲਾਈ ਤਕ ਸਰਕਾਰ ਨੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿਚ ਰਖਦੇ ਹੋਏ ਸਾਰੇ ਹੀ ਕਾਲਜਾਂ ਅਤੇ ਯੁਨੀਵਰਸਿਟੀਆਂ ਨੂੰ ਬਿਨਾਂ ਫੀਸਾਂ ਦਾਖਲੇ ਦੇਣ ਲਈ ਹੁਕਮ ਜਾਰੀ ਨਾ ਕੀਤੇ ਤਾਂ ਬਹੁਜਨ ਸਮਾਜ ਪਾਰਟੀ ਆਪ ਖੁਦ ਕਾਲਜਾਂ ਵਿਚ ਜਾ ਕੇ ਗਰੀਬ ਵਿਦਿਆਰਥੀਆਂ ਦੇ ਦਾਖਲੇ ਬਿਨਾਂ ਫੀਸ ਕਰਵਾਏਗੀ। ਪਰ ਪੰਜਾਬ ਸਰਕਾਰ ਵਲੋਂ ਅੱਜ ਜਾਰੀ ਕੀਤੇ ਸਰਕੂਲਰ ਵਿਚ ਪੰਜਾਬ ਦੇ ਸਾਰੇ ਹੀ ਜਿਲ੍ਹਾ ਡਿਪਟੀ ਕਮੀਸ਼ਨਰਾਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ ਇਸ ਸਕੀਮ ਅੰਦਰ ਕਵਰ ਹੁੰਦੇ ਸਾਰੇ ਹੀ ਵਿਦਿਆਰਥੀਆਂ ਕੋਲੋਂ ਕਿਸੇ ਵੀ ਤਰ੍ਹਾਂ ਦੀਆਂ ਫੀਸਾਂ ਜਾਂ ਫੰਡ ਨਾ ਲਏ ਜਾਣ ਜੋ ਬਸਪਾ ਦੇ ਸੰਘਰਸ਼ ਦੀ ਜਿਤ ਹੈ। ਜਰਨੈਲ ਨੰਗਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਬਸਪਾ ਸਵਾਗਤ ਕਰਦੀ ਹੈ ਪਰ ਜੋ ਮੰਗਾਂ ਐਸ.ਸੀ. ਅਤੇ ਓ.ਬੀ.ਸੀ. ਵਿਦਿਆਰਥੀਆਂ ਦੀ ਸਲਾਨਾ ਪਰਿਵਾਰਕ ਆਮਦਨ ਨੂੰ ਵਧਾ ਕੇ 5 ਲੱਖ ਰੁਪਏ ਕੀਤੇ ਜਾਣ ਦੀ ਹੈ ਉਸ ਲਈ ਬਹੁਜਨ ਸਮਾਜ ਪਾਰਟੀ ਆਪਣਾ ਸੰਘਰਸ਼ ਮੰਗਾ ਮੰਨੇ ਜਾਣ ਤਕ ਜਾਰੀ ਰੱਖੇਗੀ। ਇਸ ਮੋਕੇ ਰਾਮ ਮੂਰਤੀ ਖੇੜਾ, ਹਰਭਜਨ ਖਲਵਾੜਾ, ਪਰਮਿੰਦਰ ਬੋਧ, ਬੇਅੰਤ ਰਾਜ ਬਾਵਾ, ਬਲਵਿੰਦਰ ਬੋਧ, ਇੰਜੀਨੀਅਰ ਪ੍ਰਦੀਪ ਮੱਲ, ਅਜੇ ਕੁਮਾਰ, ਜੀਤਾ ਭੁੱਲਾਰਾਈ, ਅਕਾਸ਼ ਜਗਜੀਤਪੁਰ ਆਦਿ ਵੀ ਹਾਜਰ ਸਨ।



# 85ਵੀਂ ਸੋਧ ਤੁਰੰਤ ਲਾਗੂ ਕਰੇ ਅਕਾਲੀ ਭਾਜਪਾ ਸਰਕਾਰ - ਜੰਡਾਲੀ



ਫਗਵਾੜਾ– ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਸੰਵਿਧਾਨ ਦੀ 85ਵੀਂ ਸੋਧ ਨੂੰ ਤੁਰੰਤ ਲਾਗੂ ਕਰਕੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਮੁਲਾਜਮਾਂ ਨੂੰ ਉਨ੍ਹਾਂ ਦੀ ਬਣਦੀਆਂ ਤਰੱਕੀਆਂ ਦੇਵੇ। ਉਨ੍ਹਾਂ ਕਿਹਾ ਕਿ ਹਾਲਾਂਕਿ ਇਸ ਸੋਧ ਸਬੰਧੀ ਸਾਲ 2005 ਵਿਚ ਨੋਟੀਫੀਕੇਸ਼ਨ ਵੀ ਹੋ ਗਿਆ ਸੀ। ਇਸਦੇ ਬਾਵਜੂਦ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਇਸਨੂੰ ਲਾਗੂ ਨਹੀਂ ਕੀਤਾ। ਕਾਂਗਰਸ ਤੋਂ ਬਾਅਦ ਸੂਬੇ ਵਿਚ ਲਗਾਤਾਰ ਦੋ ਵਾਰ ਬਣੀ ਅਕਾਲੀ ਭਾਜਪਾ ਸਰਕਾਰ ਵੀ ਇਸਨੂੰ ਲਾਗੂ ਕਰਨ ਲਈ ਤਿਆਰ ਨਹੀਂ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ 85ਵੀਂ ਸੋਧ ਤਹਿਤ ਸੂਬੇ ਨਾਲ ਸਬੰਧਤ ਸਰਕਾਰੀ ਵਿਭਾਗਾਂ ਵਿਚ ਐਸਸੀ ਮੁਲਾਜਮਾਂ ਦੀਆਂ ਤਰੱਕੀਆਂ ਦਾ ਜੋ ਕੋਟਾ ਬਣਦਾ ਹੈ ਤਾਂ ਉਸਦੇ ਤਹਿਤ ਮੁਲਾਜਮਾਂ ਨੂੰ ਤੁਰੰਤ ਤਰੱਕੀਆਂ ਦਿੱਤੀਆਂ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸੋਧ ਲਾਗੂ ਨਾ ਹੋਣ ਕਰਕੇ ਐਸਸੀ ਮੁਲਾਜਮਾਂ ਦਾ ਪਹਿਲਾਂ ਹੀ ਕਾਫੀ ਨੁਕਸਾਨ ਹੋ ਚੁੱਕਿਆ ਹੈ। ਕਾਫੀ ਮੁਲਾਜਮ ਅਜਿਹੇ ਹਨ, ਜੋ ਕਿ ਇਸਦੇ ਤਹਿਤ ਬਿਨ੍ਹਾਂ ਤਰੱਕੀ ਲਏ ਹੀ ਰਿਟਾਇਰ ਵੀ ਹੋ ਚੁੱਕੇ ਹਨ। ਜਦਕਿ ਕਾਫੀ ਮੁਲਾਜਮ ਅਜੇ ਵੀ ਤਰੱਕੀ ਦੀ ਉਡੀਕ ਵਿਚ ਹਨ।

ਅਕਾਲੀ ਭਾਜਪਾ ਸਰਕਾਰ ਆਪਣੀ ਐਸਸੀ ਵਿਰੋਧੀ ਮਾਨਸਿਕਤਾ ਕਰਕੇ ਇਸਨੂੰ ਲਾਗੂ ਨਹੀਂ ਕਰ ਰਹੀ ਹੈ ਤੇ ਇਸ ਤਰ੍ਹਾਂ ਕਰਕੇ ਉਹ ਐਸਸੀ ਮੁਲਾਜਮਾਂ ਦਾ ਕਾਫੀ ਨੁਕਸਾਨ ਕਰ ਰਹੀ ਹੈ। ਸੂਬਾ ਪ੍ਰਧਾਨ ਸ. ਜੰਡਾਲੀ ਨੇ ਇਹ ਵੀ ਕਿਹਾ ਕਿ ਬਸਪਾ ਇਸ ਮੁੱਦੇ ਨੂੰ ਲੈ ਕੇ ਲੋਕਾਂ ਵਿਚ ਜਾਏਗੀ ਤੇ ਆਪਣੇ ਸੰਘਰਸ਼ ਵਿਚ ਸ਼ਾਮਲ ਕਰੇਗੀ ਤਾਂ ਕਿ ਮੁਲਾਜਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ। ਇਸ ਮੌਕੇ 'ਤੇ ਉਨ੍ਹਾਂ ਨਾਲ ਬਸਪਾ ਦੇ ਮੀਡੀਆ ਇੰਚਾਰਜ ਬਲਵਿੰਦਰ ਕੁਮਾਰ ਤੇ ਪ੍ਰਵੀਨ ਬੰਗਾ ਵੀ ਮੌਜੂਦ ਸਨ।

# ਐਸ. ਸੀ. ਸ਼ੋਸ਼ਣ ਦੇ ਮਾਮਲੇ ਵਿਚ ਫਸੇ ਪ੍ਰੋਫੈਸਰ

**ਵਾਰਾਣਸੀ (ਬਿਊਰੋ)–** ਕਾਸ਼ੀ ਹਿੰਦੂ ਯੂਨੀਵਰਸਿਟੀ ਸਥਿਤ ਖੇਤੀ ਵਿਗਿਆਨ ਸੰਸਥਾ ਦੇ ਇਕ ਪ੍ਰੋਫੈਸਰ ਐਸ ਸੀ. ਸ਼ੋਸ਼ਣ ਦੇ ਦੋਸ਼ਾਂ ਵਿਚ ਫਸ ਗਏ ਹਨ। ਦੋਸ਼ ਹੈ ਕਿ ਉਹਨਾਂ ਨੇ ਇਕ ਐਸ ਸੀ ਵਿਦਿਅਰਥੀ ਨੂੰ ਜਬਰੀ ਐਮ. ਟੈਕ (ਫਾਰਮਾ ਇੰਜੀਨੀਅਰਿੰਗ) ਵਿਚ ਕੈਟੇਗਰੀ ਦੇ ਤਹਿਤ ਪ੍ਰਵੇਸ਼ ਦਿਵਾਇਆ, ਜਦਕਿ ਉਸਦਾ ਅੰਕ ਜਨਰਲ ਦੇ ਬਰਾਬਰ ਸੀ। ਇਸ ਪ੍ਰਕਿਰਿਆ ਤੋਂ ਇਕ ਐਸ. ਸੀ. ਵਿਦਿਆਰਥੀ ਰੋਮਿਤ ਪਵਾਰ ਦੀ ਐਡਮੀਸ਼ਨ ਨਹੀਂ ਹੋ ਸਕੀ।

ਦਾਖਲਾ ਨਾ ਮਿਲਣ ਤੇ ਉਮੀਦਵਾਰ ਨੇ ਈ-ਮੇਲ ਦੁਆਰਾ ਆਪਣੀ ਸ਼ਿਕਾਇਤ ਯੂਨੀਵਰਸਿਟੀ ਦੇ ਐਸ ਸੀ./ਐਸ ਟੀ. ਸੈਲ ਵਿਚ ਦਰਜ ਕਰਵਾਈ। ਸ਼ਿਕਾਇਤ ਤੇ ਬਿਜਨਸ ਵਿਭਾਗ ਦੇ ਸਾਬਕਾ ਡੀਨ ਪ੍ਰੋ. ਵੀ. ਐਸ. ਸਿੰਘ ਦੀ ਪ੍ਰਧਾਨਗੀ ਵਿਚ ਤਿੰਨ ਮੈਂਬਰੀ ਕਮੇਟੀ ਗਠਿਤ ਹੋਈ, ਜਿਸਨੇ ਆਪਣੀ ਰਿਪੋਰਟ ਕੁਲਪਤੀ ਨੂੰ ਸੌਂਪ ਦਿੱਤੀ ਹੈ। ਉਤਕ ਪ੍ਰਵੇਸ਼ ਦੇ ਸਬੰਧ ਵਿਚ ਕੌਂਸਲਿੰਗ ਦੇ ਦੌਰਾਨ ਉਥੇ ਹਾਜ਼ਰ ਇਕ ਅਸਿਸਟੈਂਟ ਪ੍ਰੋਫੈਸਰ ਨੇ ਜਦੋਂ ਇਤਰਾਜ਼ ਦਰਜ ਕਰਵਾਇਆ ਤਾਂ ਉਹਨਾਂ ਨੂੰ ਦੋਸ਼ੀ ਪ੍ਰੋਫੈਸਰ ਨੇ ਅਪਸ਼ਸ਼ਦ ਕਹਿ ਕੇ ਮਾਮਲੇ ਤੋਂ ਦੂਰ ਰਹਿਣ ਲਈ ਕਿਹਾ। ਉਕਤ ਮਾਮਲੇ ਵਿਚ ਕੁਲਪਤੀ ਵੀ ਨਿਰਦੇਸ਼ਕ ਨਾਲ ਨਰਾਜ਼ਗੀ ਪ੍ਰਗਟ ਕਰ ਚੁੱਕੇ ਹਨ। ਐਸ ਸੀ./ ਐਸ ਟੀ ਸੈਲ ਦੇ ਚੇਅਰਮੈਨ ਪ੍ਰੋ. ਲਾਲ ਚੰਦ ਪ੍ਰਸਾਦ ਦੇ ਅਨੁਸਾਰ ਜਾਂਚ ਦੇ ਦੌਰਾਨ ਦੋਸ਼ੀ ਪ੍ਰੋਫੈਸਰ ਨੂੰ ਦੋਸ਼ੀ ਪਾਇਆ ਗਿਆ ਹੈ। ਉਹਨਾਂ ਤੇ ਕਾਰਵਾਈ ਹੋਣੀ ਤਹਿ ਹੈ। ਸੈਲ ਨੇ ਆਪਣੀ ਰਿਪੋਰਟ ਕੁਲਪਤੀ ਨੂੰ ਸੌਂਪ ਦਿੱਤੀ ਹੈ।

# ਅੰਮ੍ਰਿਤਸਰ ਵਿਕਾਸ ਮੰਚ ਦੀ ਕਾਰਜਕਾਰਨੀ ਦੀ ਇੱਕਤਰਤਾ ਹੋਈ

**ਅੰਮ੍ਰਿਤਸਰ (ਬਿਊਰੋ)–** ਅੰਮ੍ਰਿਤਸਰ ਵਿਕਾਸ ਮੰਚ ਦੀ ਕਾਰਜਕਾਰਨੀ ਦੀ ਇੱਕਤਰਤਾ ਪ੍ਰਿੰ: ਕੁਲਵੰਤ ਸਿੰਘ ਅਣਖੀ ਦੀ ਪ੍ਰਧਾਨਗੀ ਹੇਠ ਹੋਈ। ਸੱਮੁਚੀ ਇੱਕਤਰਤਾ ਨੇ ਇਕ ਸੁਰ ਅਤੇ ਇਕ ਮੱਤ ਹੋ ਕੇ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਹਰਿਆਣਾ ਵਿੱਚ ਬਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁਧ ਲੜੇ ਜਾਣ ਵਾਲੇ ਅੰਦੋਲਨ ਦਾ ਕੇਂਦਰ ਬਿੰਦੂ ਅੰਮ੍ਰਿਤਸਰ ਨੂੰ ਨਾ ਬਣਾਇਆ ਜਾਵੇ। ਅੰਮ੍ਰਿਤਸਰ ਵਾਸੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਣ ਵਾਲੀ ਇੱਕਤਰਤਾ ਤੋਂ ਬਹੁਤ ਚਿੰਤਤ ਹਨ। ਅੰਮ੍ਰਿਤਸਰ ਦੇ ਬਹੁਤੇ ਵਾਸੀਆਂ ਨੂੰ ਧਰਮ ਯੁੱਧ ਮੋਰਚੇ ਤੋਂ ਉਤਪਨ ਘਟਨਾਵਾਂ ਜੋ 1940 ਤੋਂ ਲੈ ਕੇ 1992 ਤੱਕ ਵਾਪਰੀਆਂ, ਹਾਲੇ ਵੀ ਯਾਦ ਹਨ। ਉਨ੍ਹਾਂ ਘਟਨਾਵਾਂ ਨੂੰ ਯਾਦ ਕਰਕੇ ਸ਼ਹਿਰ ਵਾਸੀ ਕੰਬ ਜਾਂਦੇ ਹਨ। ਇਸ ਸਮੇਂ ਦੇ ਬਹੁਤੇ ਦਿਨ ਮੱਸਿਆ ਦੀ ਕਾਲੀ ਰਾਤ ਤੋਂ ਵੀ ਜਿਆਦਾ ਸਿਆਹ ਸਨ। ਅਮਨ ਕਾਨੂੰਨ ਦੀ ਤਹਿਸ ਨਹਿਸ ਹੋਈ ਹਾਲਤ ਕਰਕੇ ਅੰਮ੍ਰਿਤਸਰ ਦਾ ਵਪਾਰ, ਸੱਨਅਤ ਅਤੇ ਉਦਯੋਗ ਲਗ-ਭਗ ਖਤਮ ਹੀ ਹੋ ਗਏ ਸਨ। ਇਹਨਾਂ ਖਤਮ ਹੋਏ ਉਦਯੋਗਾਂ ਨੂੰ ਮੁੜ- ਸੁਰਜੀਤ ਕਰਨ ਲਈ ਸਰਕਾਰਾਂ ਨੇ ਕੋਈ ਸਹਾਰਾ ਨਹੀਂ ਦਿੱਤਾ, ਪਰੰਤੂ ਆਰ.ਟੀ.ਆਈ ਰਾਹੀਂ ਦਿੱਤੀ ਸੂਚਨਾ ਮੁੱਤਾਬਕ ਪਿਛਲੇ 7 ਸਾਲਾਂ ਦੋਰਾਨ ਅੰਮ੍ਰਿਤਸਰ ਵਿੱਚੋਂ 8054 ਉਦਯੋਗਿਕ ਇਕਾਈਆਂ ਦਾ ਭੋਗ ਪੈ ਚੁੱਕਾ ਹੈ। ਅੰਮ੍ਰਿਤਸਰ ਤੋਂ ਰਾਜਸੀ ਤਾਕਤ ਲੈਣ ਵਾਲੀ ਅਕਾਲੀ ਦਲ ਦੀ ਸਰਕਾਰ ਨੇ ਅੰਮ੍ਰਿਤਸਰ ਵਿਖੇ ਕੋਈ ਵੱਡਾ ਪ੍ਰੋਜੈਕਟ ਸਥਾਪਿਤ ਨਹੀਂ ਕੀਤਾ। ਹਾਲ ਵਿੱਚ ਹੋਈਆਂ ਪਾਰਲੀਮੈਂਟ ਦੀਆਂ ਚੋਣਾ ਦੋਰਾਨ ਅੰਮ੍ਰਿਤਸਰ ਵਿਖੇ ਏਮਜ਼ ਸਥਾਪਿਤ ਕਰਨ ਦਾ ਸਰਕਾਰ ਨੇ ਵਾਅਦਾ ਕੀਤਾ ਸੀ, ਪ੍ਰੰਤੂ ਜਦ ਕੇਂਦਰੀ ਸਰਕਾਰ ਨੇ ਪੰਜਾਬ ਵਾਸਤੇ ਏਮਜ਼ ਮੰਜੂਰ ਕੀਤਾ ਤਾਂ ਸਰਕਾਰ ਨੇ ਅੰਮ੍ਰਿਤਸਰੀਆਂ ਨਾਲ ਕੀਤਾ ਵਾਅਦਾ ਭੁੱਲ ਕੇ ਜਲੰਧਰ ਵਿਖੇ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ 2004 ਵਿੱਚ ਅੰਮ੍ਰਿਤਸਰ ਲਈ ਐਲਾਨੇ ਸ਼.ਓ.ਗ. ਨੂੰ ਸਥਾਪਿਤ ਕਰਨ ਲਈ ਸਰਕਾਰਾਂ ਨੇ ਕੁੱਝ ਨਹੀਂ ਕੀਤਾ। ਅੰਮ੍ਰਿਤਸਰ ਲਈ ਪ੍ਰਵਾਨ ਕੀਤੀ ਕੇਂਦਰੀ ਯੂਨੀਵਰਸਿਟੀ ਵੀ ਸਰਕਾਰ ਬਠਿੰਡੇ ਲੈ ਗਈ। ਅੰਮ੍ਰਿਤਸਰ ਦਾ ਕੰਪਨੀ ਬਾਗ ਉਜਾੜੇ ਦੇ ਕੰਢੇ ਤੇ ਹੈ, ਅਤੇ ਇਸ ਦਾ ਹੋਰ ਨੁਕਸਾਨ ਕਰਨ ਲਈ ਸਰਕਾਰ ਇਸ ਨੂੰ ਡੀਨੋਟੀਫਾਈ ਕਰਵਾਉਣ ਲਈ ਤੁਲੀ ਹੋਈ ਹੈ। ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਣੇ ਸੈਂਕੜੇ ਗੈਰ-ਕਾਨੂੰਨੀ ਹੋਟਲਾਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਨ ਹਰਿਮੰਦਰ ਸਾਹਿਬ ਦੇ ਸੋਨੇ ਅਤੇ ਸੰਗਮਰਮਰ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਕਰ ਰਿਹਾ ਹੈ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਹਨਾਂ ਹੋਟਲਾਂ ਨੂੰ ਬੰਦ ਕਰਨ ਦਾ ਫੈਸਲਾ ਦੇ ਚੁੱਕੀ ਹੈ ਪ੍ਰੰਤੂ ਸਰਕਾਰ ਇਹਨਾਂ ਨੂੰ ਰੈਗੂਲਰ ਕਰਨ ਦੇ ਰਸਤੇ ਤੇ ਹੈ। ਸਰਕਾਰੀ ਮਹਿਕਮਿਆਂ ਦੁਆਰਾ ਸ਼ਹਿਰ ਵਿੱਚੋਂ ਲਗ-ਭਗ ਇਕ ਹਜ਼ਾਰ ਪੁਰਾਤਨ ਦਰਖਤ ਵੱਢ ਕੇ ਸ਼ਹਿਰ ਦੀ ਹਰਿਆਵਲ ਦਾ ਬਹੁਤ ਨੁਕਸਾਨ ਕੀਤਾ ਹੈ, ਜਦ ਕਿ ਸ਼ਹਿਰ ਨੂੰ 'ਗੋ ਗਰੀਨ ਗੋ ਕਲੀਨ' ਦਾ ਨਾਰ੍ਹਾ ਦੇਣ ਵਾਲੇ ਸ੍ਰ. ਨਵਜੋਤ ਸਿੰਘ ਸਿੱਧੂ ਦਾ ਸਿਆਸੀ ਭਵਿਖ ਹੀ ਖਤਮ ਕਰ ਦਿੱਤਾ। ਸ੍ਰ. ਸਿੱਧੂ ਨੇ ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ ਲਈ ਆਪਣੀ ਜੇਬ੍ਹ ਵਿੱਚੋਂ ੧ ਕਰੋੜ ਰੁਪਇਆ ਦਿੱਤਾ ਸੀ। ਸ੍ਰ. ਸਿੱਧੂ ਨੇ ਹੀ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਅਤੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਸਥਾਪਿਤ ਕਰਵਾਉਣ ਲਈ ਹਾਈ ਕੋਰਟ ਦਾ ਦਰਵਾਜਾ ਵੀ ਖੜਕਾਇਆ ਸੀ, ਪਰੰਤੂ ਅੱਜ ਸ਼ਹਿਰ ਗੰਦਗੀ ਨਾਲ ਭਰਿਆ ਪਿਆ ਹੈ।

ਇੱਥੋਂ ਦੀ ਹਵਾ ਦੁਨੀਆਂ ਦੇ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿੱਚ ੧੪ਵੇਂ ਨੰ: ਤੇ ਹੈ। ਇਹ ਤੱਥ ਦਸਦੇ ਹਨ ਕਿ ਭਲੇ ਵੇਲੇ ਸਰਕਾਰਾਂ ਨੂੰ ਅੰਮ੍ਰਿਤਸਰ ਵਿਸਰ ਜਾਂਦਾ ਹੈ ਅਤੇ ਇਸ ਦੇ ਵਿਕਾਸ ਲਈ ਕੋਈ ਯਤਨ ਨਹੀਂ ਕੀਤਾ ਜਾਂਦਾ। ਇਨ੍ਹਾਂ ਹਾਲਾਤਾਂ ਦੇ ਮਦੇ ਨਜ਼ਰ ਅੰਮ੍ਰਿਤਸਰ ਵਿਕਾਸ ਮੰਚ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਤੋਂ ਨਿਮਰਤਾ ਸਹਿਤ ਇਹ ਮੰਗ ਕਰਦਾ ਹੈ ਕਿ ਮੰਦੇ ਹਾਲੀ ਵਿਚਰ ਰਹੇ ਸ਼ਹਿਰ ਦਾ ਮਹੌਲ ਸ਼ਾਂਤਮਈ ਹੀ ਰਹਿਣ ਦਿੱਤਾ ਜਾਵੇ ਅਤੇ ਇੱਥੋਂ ਕੋਈ ਰਾਜਸੀ ਅੰਦੋਲਨ ਸ਼ੁਰੂ ਨਾ ਕੀਤਾ ਜਾਵੇ। ਵਰਤਮਾਨ ਸਰਕਾਰ ਬਠਿੰਡਾ ਅਤੇ ਮੋਹਾਲੀ ਦੇ ਹਵਾਈ ਅੱਡਿਆਂ ਨੂੰ ਵਿਕਸਤ ਕਰਨ ਲਈ ਤਾਂ ਪੂਰੀ ਤਰ੍ਹਾਂ ਯਤਨਸ਼ੀਲ ਹੈ ਪਰੰਤੂ ਅੰਮ੍ਰਿਤਸਰ ਤੋਂ ਟਰਾਂਟੋ, ਸਿੰਗਾਪੁਰ, ਸਿਡਨੀ, ਲਨਡੰਨ ਆਦਿ ਸ਼ਹਿਰਾਂ ਨੂੰ ਬੰਦ ਹੋਈਆਂ ਉਡਾਨਾਂ ਸ਼ੁਰੂ ਕਰਨ ਲਈ ਸਰਕਾਰ ਕੋਈ ਦਿਲਚਸਪੀ ਨਹੀਂ ਦਿਖਾ ਰਹੀ। ਸ਼ਹਿਰ ਵਿੱਚ 40 ਹਜ਼ਾਰ ਤੋਂ ਵੱਧ ਅਵਾਰਾ ਕੁਤੇ ਲੋਕਾਂ ਨੂੰ ਪਰੇਸ਼ਾਨ ਕਰ ਹਨ, ਪਰੰਤੂ ਇਹਨਾਂ ਦਾ ਕੋਈ ਹਲ ਨਹੀਂ ਲਭਿਆ ਜਾ ਰਿਹਾ।

# ਫਿਲਮ ਫੰਡ੍ਰੂਰੀ 26 ਜੁਲਾਈ ਨੂੰ ਰਿਲੀਜ਼ ਹੋਈ



ਲੰਡਨ– ਡਾਇਰੈਕਟਰ ਨਾਗਰਾਜ ਮੰਜੂਲਾ ਦੀ ਮਰਾਠੀ ਫਿਲਮ 'ਫੰਡ੍ਰੂਰੀ' ਜੋ ਕਿ ਕੌਮੀ ਐਵਾਰਡ ਜੇਤੂ ਫਿਲਮ ਹੈ, ਲੰਡਨ ਵਿਚ 26 ਜੁਲਾਈ ਨੂੰ ਰਿਲੀਜ਼ ਹੋਈ। ਇਹ ਫਿਲਮ 10 ਫਿਲਮ ਐਵਾਰਡ ਸਮਾਰੋਹਾਂ ਵਿਚ ਪੇਸ਼ ਕੀਤੀ ਗਈ।

ਇਸ ਫਿਲਮ ਨੇ ਲੰਡਨ, ਆਬੂਧਾਬੀ, ਗੋਟਬਰਗ, ਨਿਊਯਾਰਕ, ਲਾਸ ਏਂਜਲਸ ਫਿਲਮ ਫੈਸਟੀਵਲਾਂ ਵਿਚ ਇਨਾਮ ਹਾਸਲ ਕੀਤੇ ਹਨ।

ਸਪੈਸ਼ਲ ਅਮਰ ਤਿੱਲਾ

ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ
(ਸਫੈਦ ਪਾਣੀ ਲਕੋਰੀਆ)



ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਢਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।

ਆਯੂਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ

ਅਮਰ ਕੋਰਸ ®

ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ

ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।



ਵੈਦ ਅਮਰਜੀਤ ਅਮਰ

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।

ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ।

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।


ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਤੁਰੰਤ ਪੁੱਛਣ ਲਈ
98140-29888
98763-39888

# ਤੀਜੀ ਸ਼ਤਾਬਦੀ ਦੇ ਚਮਤਕਾਰੀ ਮਹਾਂ ਮਾਨਵ ਸਾਹਿਬ ਕਾਂਸ਼ੀ ਰਾਮ ਜੀ




ਦੋ ਹਜ਼ਾਰ ਸਾਲ ਦੇ ਸਮੇਂ ਵਿਚ ਕਰੋੜਾਂ ਅਰਬਾਂ ਮਨੁੱਖ ਭਾਰਤ ਵਰਸ ਵਿਚ ਜਨਮ ਲੈ ਕੇ ਆਏ ਅਤੇ ਚਲੇ ਗਏ, ਜਿਹਨਾਂ ਵਿਚ ਪ੍ਰਮੁੱਖ ਸ਼ਾਸਕਾਂ ਨੇ ਇੱਥੇ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਛੱਡੀਆਂ ਅਤੇ ਮੁੜ ਪ੍ਰਸਥਾਨ ਕਰ ਗਏ। ਇਹਨਾਂ ਵਿਚੋਂ ਕੋਈ ਵੀ ਅਜਿਹਾ ਨਹੀਂ, ਜਿਸਨੇ ਖ਼ੂਨ ਨਾਲ ਹੱਥ ਨਾ ਰੰਗੇ ਹੋਣ। ਕਿਸੇ ਨੇ ਜ਼ਿਆਦਾ ਤਾਂ ਕਿਸੇ ਨੇ ਘੱਟ ਰੰਗੇ ਪਰ ਰੰਗੇ ਜ਼ਰੂਰ। ਇਹਨਾਂ ਨੇ ਰਾਮ, ਕ੍ਰਿਸ਼ਨ, ਇੰਦਰ, ਵਿਸ਼ਨੂੰ ਦੀਆਂ ਛਲ-ਕਪਟ ਦੀਆਂ ਨੀਤੀਆਂ ਦੇ ਕਾਰਨ ਭਾਰਤ ਦੇ ਮੂਲ ਨਾਗਰਿਕਾਂ ਨੂੰ ਗੁਲਾਮ ਬਣਾਈ ਰੱਖਣ ਦੇ ਲਈ ਮਾੜੇ ਤੋਂ ਮਾੜਾ ਹੱਥਕੰਡਾ ਅਪਣਾਇਆ। ਸਮਾਜਵਾਦ ਲਿਆਉਣ ਦੇ ਝੂਠੇ ਨਾਅਰੇ ਲਗਾਏ ਅਤੇ ਕਫ਼ਨ ਵਿਚ ਲਿਪਟ ਗਏ। ਇਸ ਦੇਸ਼ ਦੇ ਮਾਲਕ ਮੂਲ ਨਿਵਾਸੀ ਬਹੁਜਨਾਂ ਨੂੰ ਸੱਤਾ ਤੋਂ ਦੂਰ ਰੱਖਣ ਦੇ ਲਈ ਹਰ ਰੋਜ਼ ਨਵੀਆਂ ਘਿਨੌਣੀਆਂ ਚਾਲਾਂ ਚੱਲੀਆਂ ਗਈਆਂ। ਇਹ ਮਨੂੰਵਾਦੀ ਵਿਵਸਥਾ ਦੇ ਮਾਲਕ ਇੱਥੋਂ ਤੱਕ ਡਿੱਗ ਗਏ ਕਿ ਵਿਦੇਸ਼ੀ ਸ਼ਾਸਕਾਂ ਨੂੰ ਆਪਣਾ ਰਹਿਬਰ ਸਵੀਕਾਰ ਕਰ ਲਿਆ, ਜਦੋਂ ਉਹਨਾਂ ਦੀ ਦਹਿਸ਼ਤ ਇੰਨੀ ਵੱਧ ਗਈ ਕਿ ਇਹਨਾਂ ਦਾ ਜਿਊਣਾ ਦੁੱਭਰ ਹੋ ਗਿਆ ਤਾਂ ਫਿਰ 90 ਫੀਸਦੀ ਇਸ ਦੇਸ਼ ਦੇ ਦਲਿਤਾਂ ਨੇ ਆਜ਼ਾਦੀ ਦੀ ਲੜਾਈ ਵਿਚ ਆਪਣਾ ਬਲੀਦਾਨ ਦਿੱਤਾ, ਤਾਂ ਭਾਰਤ ਆਜ਼ਾਦ ਹੋਇਆ।

ਜਿੱਥੇ ਪੁਸ਼ਿਆਮਿੱਤਰ ਸ਼ੁੰਗ ਨੇ ਭਾਰਤ ਦੇ ਮੂਲ ਨਿਵਾਸੀਆਂ ਦਾ ਕਤਲੇਆਮ ਕਰਕੇ ਦਹਿਸ਼ਤ ਫੈਲਾਈ, ਉਥੇ ਆਜ਼ਾਦੀ ਤੋਂ ਬਾਅਦ ਮਹਾਤਮਾ ਕਹੇ ਜਾਣ ਵਾਲੇ ਗਾਂਧੀ ਜੀ ਨੇ ਦਲਿਤਾਂ ਨੂੰ ਸੱਤਾ ਤੋਂ ਦੂਰ ਰੱਖਣ ਦੇ ਲਈ ਯਰਵਦਾ ਜੇਲ੍ਹ ਵਿਚ ਮਰਨ ਵਰਤ ਕੀਤਾ।

ਦਲਿਤਾਂ ਦੇ ਹੀ ਨਹੀਂ ਸਮੁੱਚੇ ਭਾਰਤ ਦੇ ਦਲਿਤਾਂ-ਪੱਛੜਿਆਂ, ਗਰੀਬਾਂ, ਬਹੁਜਨਾਂ ਦੇ ਮਸੀਹੇ 'ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੂੰ ਸੱਤਾ ਤੋਂ ਦੂਰ ਰੱਖਣ ਦੇ ਲਈ ਛਲ-ਕਪਟ ਨਾਲ ਹਰਾਉਣ ਦੀ ਕੋਸ਼ਿਸ਼ ਕੀਤੀ। ਫਿਰ ਵੀ ਉਹਨਾਂ ਦੀਆਂ ਕੋਸ਼ਿਸ਼ਾਂ ਕਾਰਨ ਜਦੋਂ ਦਾਸਤਾ ਦਾ ਜੀਵਨ ਜਿਉਂ ਰਹੇ ਬਹੁਜਨਾਂ ਵਿਚ ਜਾਗਰਤੀ ਪੈਦਾ ਹੋਈ ਤਾਂ ਫਿਰ ਨਵੀਂ ਰਾਜਨੀਤਿਕ ਸ਼ਤਰੰਜ ਦੇ ਮੋਹਰੇ ਚਲਾਏ ਗਏ। ਬਹੁਜਨਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣ ਤੋਂ ਰੋਕਣ ਦੇ ਲਈ ਸਬਸਿਡੀ ਦਾ ਨਵਾਂ ਜਾਲ ਬੁਣਿਆ ਗਿਆ, ਜਿਸ ਜਾਲ ਵਿਚ ਗਰੀਬਾਂ ਨੂੰ ਫਸਾ ਕੇ ਘੋੜੇ, ਖੱਚਰ, ਗਧੇ, ਮੱਝਾਂ, ਮੁਰਗੀਆਂ ਵੰਡ ਦਿੱਤੀਆਂ ਗਈਆਂ, ਉਬੜ-ਖਾਬੜ ਮੂਰਤੀ ਦੇ ਕੇ ਉਸਨੂੰ ਆਜ਼ਾਦ ਕਰਨ ਲਈ ਜੋੜ ਦਿੱਤਾ ਗਿਆ। ਅਨਪੜ੍ਹ ਬਹੁਜਨ ਸਮਾਜ ਨੂੰ ਫਿਰ ਬੰਧੂਆ ਮਜ਼ਦੂਰ ਬਣਾਉਣ ਵਿਚ ਗਾਂਧੀ ਜੀ ਦੇ ਭਗਤ ਕਾਮਯਾਬ ਹੋ ਗਏ। ਪਰ ਤੀਜੀ ਸਦੀ ਦਾ ਇਕ ਚਮਤਕਾਰੀ ਮਹਾਂ ਮਾਨਵ ਇਸ ਘਿਨੌਣੀ ਸਾਜ਼ਿਸ਼ ਨੂੰ ਦੇਖ ਰਿਹਾ ਸੀ। ਇਸ ਚਮਤਕਾਰੀ ਮਹਾਂ ਮਾਨਵ ਨੂੰ ਕੁਦਰਤ ਨੇ ਆਪਣੀ ਮਨੁੱਖ ਹਿਤੈਸ਼ੀ ਤਾਕਤ ਨਾਲ ਲੈਸ ਕਰਕੇ ਇਹ ਆਦੇਸ਼ ਦਿੱਤਾ ਕਿ ਕਾਂਗਰਸ ਵਰਗੇ ਵਿਸ਼ਾਲ ਗਲਬੇ ਨੂੰ ਹਰਾਓ। ਇਸੇ ਮਹਾਂ ਮਾਨਵ ਦਾ ਨਾਂ ਹੈ ਕਾਂਸ਼ੀ ਰਾਮ। 15 ਮਾਰਚ ਕਿੰਨਾ ਸ਼ੁਭ ਦਿਨ ਸੀ ਜਦੋਂ ਪਵਿੱਤਰ ਮਾਂ (ਬਿਸ਼ਨ ਕੌਰ) ਦੀ ਕੁੱਖ ਤੋਂ ਇਸ ਮਹਾਂ ਮਾਨਵ ਦਾ ਜਨਮ ਹੋਇਆ। ਇਹ ਦਿਨ ਕੌਣ ਜਾਣਦਾ ਸੀ ਕਿ ਗਰੀਬੀ ਦੇ ਜੂਲੇ ਵਿਚ ਜੁੜਿਆ ਇਹ ਬੱਚਾ ਇਕ ਮਹਾਂ ਪੁਰਸ਼ ਹੈ, ਜੋ ਬਹੁਜਨਾਂ ਦੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਕੱਟਣ ਦੇ ਲਈ ਭਾਰਤ ਦੇ ਮੂਲ ਨਿਵਾਸੀ ਬਹੁਜਨਾਂ ਨੂੰ ਮਨੂੰਵਾਦੀ ਵਿਵਸਥਾ ਤੋਂ ਮੁਕਤ ਕਰਵਾਉਣ ਦੇ ਲਈ ਇਸ ਧਰਤੀ ਤੇ ਆਇਆ ਹੈ। ਕਿਸ ਨੂੰ ਪਤਾ ਸੀ ਕਿ ਇਹ ਬੱਚਾ ਜੁੱਤੀਆਂ ਬਣਾਉਣ ਵਾਲੇ, ਮੈਲਾ ਢੋਣ ਵਾਲਿਆਂ ਨੂੰ ਰਾਜ ਮੁਕਟ ਪੁਆ ਕੇ ਭਾਰਤ ਦੇ ਰਾਜੇ-ਮਹਾਰਾਜੇ ਬਣਾਵੇਗਾ।

ਸ਼ਾਇਦ ਕੁਦਰਤ ਨੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਇਸ ਮਹਾਂ ਮਾਨਵ ਨੂੰ ਬੇਵੱਸ ਕਰ ਦਿੱਤਾ। ਇਹਨਾਂ ਨੇ ਇਸ ਦੇਸ਼ ਦੇ ਗੁਲਾਮਾਂ ਦੀ ਮਾੜੀ ਹਾਲਤ ਨੂੰ ਦੇਖ ਕੇ ਆਪਣਾ ਸੁਖੀ ਜੀਵਨ ਸੰਘਰਸ਼ ਦੇ ਦੁੱਖਾਂ ਵਿਚ ਪਾ ਲਿਆ। ਭਾਰਤ ਦੀ ਖਾਕ ਛਾਣਦੇ-ਛਾਣਦੇ ਇਹਨਾਂ ਨੇ ਸੁੱਤੀ ਪਈ ਮੁਰਦਾ ਹੋ ਰਹੀ ਗੁਲਾਮ ਜਨਤਾ ਵਿਚ ਰਾਜਨੀਤਿਕ ਚੇਤਨਾ ਪੈਦਾ ਕੀਤੀ। ਘਰ-ਘਰ ਸਾਧੂਆਂ ਵਾਂਗ ਅਲਖ ਜਗਾਉਂਦੇ ਹੋਏ ਖੁਦ ਵੀ ਰਾਜਨੀਤਿਕ ਸਾਧੂ ਬਣ ਗਏ। ਆਪਣੇ ਬਜ਼ੁਰਗ ਮਾਤਾ-ਪਿਤਾ, ਸਨਮਾਨ ਵਾਲੀ ਨੌਕਰੀ ਅਤੇ ਹੋਣ ਵਾਲੇ ਵਿਆਹ ਦਾ ਤਿਆਗ ਜੋ ਆਮ ਆਦਮੀ ਨਹੀਂ ਕਰ ਸਕਦਾ, ਇਹ ਬਲੀਦਾਨ ਕੇਵਲ ਕੁਦਰਤੀ ਤਾਕਤ ਹੀ ਕਰ ਸਕਦੀ ਹੈ। ਅਜਿਹੇ ਬਲੀਦਾਨੀ ਯੋਧਿਆਂ ਨੂੰ ਹੀ ਜੋਤੀ ਮਿਲਦੀ ਹੈ। ਇਸ ਧਰਤੀ 'ਤੇ ਕਿਸ ਤਰ੍ਹਾਂ ਜੇਠ ਮਹੀਨੇ ਦੀ ਲੂ ਵਿਚ ਸਰਦੀਆਂ ਦੀ ਸਵੇਰ ਵਿਚ ਸਾਉਣ ਦੀ ਮੂਸਲਾਧਾਰ ਬਰਸਾਤ ਵਿਚ ਮਾਂ ਦੀ ਛਾਤੀ ਨਾਲ ਚਿੰਬੜ ਕੇ ਸੌਣ ਵਾਲੇ ਬੱਚੇ ਗੰਦਗੀ ਦੇ ਢੇਰਾਂ, ਡਰੰਮਾਂ ਅਤੇ ਨਾਲੀਆਂ ਵਿਚੋਂ ਲੋਹੇ ਪਲਾਸਟਿਕ, ਕੱਚ, ਕਾਗਜ਼ ਅਤੇ ਗੱਤੇ, ਸੂਰਾਂ ਅਤੇ ਕੁੱਤਿਆਂ ਵਾਂਗ ਫਰੋਲ-ਫਰੋਲ ਕੇ ਇਕੱਠੇ ਕਰਕੇ ਕਬਾੜੀਆਂ ਨੂੰ ਵੇਚ ਕੇ ਪੇਟ ਭਰਦੇ ਹਨ। ਪਿੱਠ ਤੇ ਨਵਜੰਮੇ ਬੱਚਿਆਂ ਨੂੰ ਲੈ ਕੇ ਕਿਸ ਤਰ੍ਹਾਂ ਅਰਧ ਨਗਨ ਔਰਤਾਂ ਸੜਕਾਂ ਤੇ ਰੋੜੀ ਕੁੱਟਦੀਆਂ ਹਨ, ਜੰਗਲਾਂ ਤੋਂ ਲੱਕੜੀ ਕੱਟਦੀਆਂ ਹਨ। ਕਿਸ ਤਰ੍ਹਾਂ ਭੱਠੀਆਂ ਵਿਚ ਕੰਮ ਕਰਦੇ ਬੱਚੇ ਕੱਚ ਦੀਆਂ ਚੂੜੀਆਂ ਬਣਾਉਂਦੇ ਹਨ, ਕਿਸ ਤਰ੍ਹਾਂ ਦੁੱਧ ਚੁੰਘਦੇ ਬੱਚੇ ਅਤੇ ਬੱਚੀਆਂ ਹਲਵਾਈਆਂ ਦੀਆਂ ਦੁਕਾਨਾਂ ਤੇ ਜੂਠੇ ਬਰਤਨ ਸਾਫ ਕਰਦੇ ਕਰਦੇ ਚੂਰ ਹੋ ਜਾਂਦੇ ਹਨ। ਕਿਸ ਤਰ੍ਹਾਂ ਚਿੱਕੜ ਵਿਚ ਝੋਨਾ ਲਗਾਉਂਦੇ ਬੰਧੂਆ ਮਜ਼ਦੂਰ ਆਪਣੀਆਂ ਲੱਤਾਂ ਸਦਾ ਲਈ ਗੁਆ ਦਿੰਦੇ ਹਨ। ਝੁੱਗੀਆਂ-ਝੌਂਪੜੀਆਂ ਵਿਚ ਖੇਡਦੀ ਗਰੀਬੀ, ਸੜਦੀਆਂ ਹੋਈਆਂ ਝੌਂਪੜੀਆਂ, ਮਰੇ ਜਾਨਵਰ ਚੁੱਕਣ ਵਾਲੇ ਤਾਂ ਕਿਸੇ ਨੂੰ ਵੀ ਦਿਖਾਈ ਨਹੀਂ ਦਿੰਦੇ। ਇਹਨਾਂ ਨੂੰ ਦੇਖਣ ਵਾਲੀ ਜੇਕਰ ਕੋਈ ਦਿੱਬ ਦ੍ਰਿਸ਼ਟੀ ਹੋਈ ਤਾਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਇਸ ਸਦੀ ਵਿਚ ਮਹਾਂ ਮਾਨਵ ਸਾਹਿਬ ਕਾਂਸ਼ੀ ਰਾਮ ਜੀ ਦੀ ਦ੍ਰਿਸ਼ਟੀ ਦੇਖ ਰਹੀ ਸੀ। ਦੱਬੇ ਕੁਚਲੇ ਗੁਲਾਮਾਂ ਅਤੇ ਦੁਖੀਆਂ ਨੂੰ ਕੇਵਲ ਅਜਿਹੀ ਦਿੱਬ ਦ੍ਰਿਸ਼ਟੀ ਹੀ ਦੇਖਦੀ ਹੈ। ਇਸ ਦੇ ਨਤੀਜੇ ਵਜੋਂ ਇਸ ਦੇਸ਼ ਦੇ ਭੇਡਾਂ ਦੀਆਂ ਖੱਲਾਂ ਢਕੀ ਬਣੇ ਦਰਿੰਦੇ ਭੇੜੀਆਂ ਦੇ ਹੋਸ਼ ਉੱਡ ਗਏ ਹਨ। ਸਾਹਿਬ ਕਾਂਸ਼ੀ ਰਾਮ ਜੀ ਦੀਆਂ ਨਿਰੰਤਰ ਅਤੇ ਅਣਥੱਕ ਕੋਸ਼ਿਸ਼ਾਂ ਕਾਰਨ ਅੱਜ ਦਲਿਤ ਸਮਾਜ ਸਿਰ ਚੁੱਕ ਕੇ ਚੱਲ ਰਿਹਾ ਹੈ। ਹਜ਼ਾਰਾਂ ਸਾਲਾਂ ਤੋਂ ਬਾਅਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਕਿ ਇਸ ਸਮਾਜ ਦੀ ਕੋਈ ਔਰਤ ਮਹਾਰਾਣੀ ਬਣ ਸਕੀ ਹੈ।

ਪੀੜ੍ਹੀ ਦਰ ਪੀੜ੍ਹੀ ਕੱਪੜੇ ਬੁਣਨ ਵਾਲੇ, ਵਾਲ ਕੱਟਣ ਵਾਲੇ, ਬਰਤਨ ਬਣਾਉਣ ਵਾਲੇ, ਲੋਹਾ ਕੁੱਟਣ ਵਾਲੇ, ਮਰੇ ਪਸ਼ੂ ਚੁੱਕਣ ਵਾਲੇ, ਘਾਹ ਕੱਟਣ ਵਾਲੇ ਗੰਦਗੀ ਸਾਫ ਕਰਨ ਵਾਲੇ ਅੱਜ ਸਾਹਿਬ ਕਾਂਸ਼ੀ ਰਾਮ ਜੀ ਨੇ ਰਾਜ ਗੱਦੀ ਤੇ ਬਿਠਾ ਦਿੱਤੇ। ਸ਼ਾਇਦ ਜੋ ਲੋਕ ਵਿਧਾਇਕ, ਸਾਂਸਦ, ਮੰਤਰੀ, ਮੁੱਖ ਮੰਤਰੀ ਇਹਨਾਂ ਨੇ ਬਣਾਏ ਹਨ, ਉਹਨਾਂ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ ਕਿ ਅਸੀਂ ਵੀ ਕਦੀ ਭਾਰਤ ਦੇ ਹੁਕਮਰਾਨ ਬਣਾਂਗੇ। ਇਸ ਕੰਮ ਨੂੰ ਕੋਈ ਦੂਰਦਰਸ਼ੀ, ਸੱਚਾ-ਸੁੱਚਾ ਅਤੇ ਪਵਿੱਤਰ ਵਿਅਕਤੀ ਹੀ ਕਰ ਸਕਦਾ ਹੈ। ਗੁਰੂ ਰਵਿਦਾਸ ਜੀ ਨੇ ਕਿਹਾ ਸੀ ਕਿ-

ਨੀਚੋ ਊਚ ਕਰੇ, ਮੇਰਾ ਸਾਂਈ

ਸਾਹਿਬ ਕਾਂਸ਼ੀ ਰਾਮ ਜੀ ਅਸਲ ਵਿਚ ਹੀ ਸਾਈ ਸਨ, ਜਿਹਨਾਂ ਨੂੰ ਅੱਜ ਸਾਡਾ ਬਹੁਜਨ ਸਮਾਜ ਪੂਰੀ ਤਰ੍ਹਾਂ ਸਮਝ ਨਹੀਂ ਪਾ ਰਿਹਾ ਹੈ। ਗੁਰੂ ਰਵਿਦਾਸ ਜੀ ਨੂੰ ਵੀ ਉਹਨਾਂ ਦੇ ਜੀਵਨ ਕਾਲ ਵਿਚ ਲੋਕ ਨਹੀਂ ਸਮਝ ਸਕੇ ਸਨ। ਅੱਜ ਉਹਨਾਂ ਦੀ ਘਰ ਘਰ ਪੂਜਾ ਹੋ ਰਹੀ ਹੈ। ਜੇਕਰ ਮਨੂੰਵਾਦ ਦੇ ਪਿਛਲਗੂ ਬਣੇ ਬਹੁਜਨ ਸਮਾਜ ਦੇ ਛੋਟੇ-ਵੱਡੇ ਲੀਡਰ ਅਤੇ ਲੋਕ ਅੱਜ ਇਸ ਦਿੱਬ ਪੁਰਸ਼ ਦੀ ਅਗਵਾਈ ਵਿਚ ਇਕੱਠੇ ਹੋ ਜਾਣ ਤਾਂ ਬਹੁਜਨ ਸਮਾਜ ਵਿਚੋਂ ਗਰੀਬੀ ਨਿਕਲ ਜਾਵੇਗੀ। ਭੂਮੀਹੀਣਾਂ ਨੂੰ ਭੂਮੀ ਮਿਲੇਗੀ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਸ਼ੋਸ਼ਣ ਬੇਗਾਰੀ, ਬੰਧੂਆ ਮਜ਼ਦੂਰੀ ਖਤਮ ਹੋ ਜਾਵੇਗੀ।

ਸਾਹਿਬ ਕਾਂਸ਼ੀ ਰਾਮ ਦਾ ਇਕ ਵੱਡਾ ਸੰਦੇਸ਼ ਹੈ: ਤਮੰਨਾ ਸੱਚੀ ਹੈ ਤਾਂ ਚੰਗੇ ਤੋਂ ਚੰਗੇ ਰਸਤੇ ਨਿਕਲ ਆਉਂਦੇ ਹਨ, ਅਤੇ ਤਮੰਨਾ ਸੱਚੀ ਨਹੀਂ ਹੈ ਤਾਂ ਇਨਕਾਰ ਕਰਨ ਦੇ ਹਜ਼ਾਰਾਂ ਬਹਾਨੇ ਨਿਕਲ ਆਉਂਦੇ ਹਨ।




**ਬਹੁਜਨ ਸੰਗਠਕ**
**(ਸਤੰਬਰ 7, 1999)**
**ਤੋਂ ਧੰਨਵਾਦ ਸਹਿਤ**
**ਅਨੁਵਾਦ-ਤਰਸੇਮ ਜਲੰਧਰੀ**

# ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਚੌਧਰੀ ਗੁਰਮੇਲ ਸਿੰਘ ਸਕਰੂਲੀ ਨਹੀਂ ਰਹੇ

**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)-** ਅੱਜ ਸਵੇਰੇ ਪੰਜਾਬ ਕਾਂਗਰਸ ਦੇ ਸੀਨੀਅਰ ਅਤੇ ਸਾਬਕਾ ਸਿੱਖਿਆ ਮੰਤਰੀ ਚੋਧਰੀ ਗੁਰਮੇਲ ਸਿੰਘ ਦੀ ਅਚਾਨਕ ਮੌਤ ਹੋ ਗਈ। ਚੌਧਰੀ ਗੁਰਮੇਲ ਸਿੰਘ ਪੰਜਾਬ ਪ੍ਰਦੇਸ਼ ਕਾਂਗਰਸ ਦੇ ਉਚ ਅਹੁੱਦਿਆਂ ਤੇ ਰਹੇ। ਉਹਨਾਂ ਨੂੰ ਪੰਜਾਬ ਕਾਂਗਰਸ ਪਾਰਟੀ ਵਿੱਚ ਦਲਿਤਾਂ ਦਾ ਮਸੀਹਾ ਆਗੂ ਕਰਕੇ ਜਾਣਿਆਂ ਜਾਂਦਾ ਸੀ। ਉਹ ਆਪਣੇ ਸਮੇਂ ਦੌਰਾਨ ਉਸ ਵਕਤ ਵਿਧਾਨ ਸਭਾ ਹਲਕਾ ਮਾਹਿਲਪੁਰ ਤੋਂ ਕਾਂਗਰਸ ਪਾਰਟੀ ਦੀ ਟਿਕਟ ਤੇ ਚੋਣ ਲੜੇ ਅਤੇ ਕੈਬਨਿਟ ਮੰਤਰੀ ਬਣੇ। ਉਹਨਾਂ ਆਪਣੇ ਸਮੇਂ ਦੌਰਾਨ ਜਿੱਥੇ ਦੋਆਬੇ ਦੇ ਦਲਿਤ ਗੜ੍ਹ ਵਾਲੇ ਇਲਾਕੇ ਨੂੰ ਕਾਂਗਰਸ ਪਾਰਟੀ ਨਾਲ ਜੋੜਕੇ ਪਾਰਟੀ ਨੂੰ ਮਜ਼ਬੂਤ ਕੀਤਾ ਉਥੇ ਉਹਨਾਂ ਮੰਤਰੀ ਬਣਕੇ ਦੋਆਬੇ ਸਮੇਤ ਜ਼ਿਲ੍ਹਾ ਹੁਸ਼ਿਆਰਪੁਰ ਦਾ ਅਥਾਹ ਵਿਕਾਸ ਕਰਵਾਇਆ। ਉਹ ਕੇਂਦਰ ਵਿੱਚ ਪਾਰਟੀ ਦੇ ਬਹੁਤ ਸਾਰੇ ਸੀਨੀਅਰ ਆਗੂਆਂ ਦੇ ਕਰੀਬੀ ਆਗੂ ਮੰਨੇ ਜਾਂਦੇ ਸਨ। ਇਸੇ ਕਰਕੇ ਉਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਪੰਜਾਬ ਵਿੱਚ ਸੀਨੀਅਰ ਆਗੂ ਵਜੋਂ ਸਤਿਕਾਰੇ ਗਏ। ਉਹਨਾਂ ਹਰ ਚੋਣ ਮੌਕੇ ਮਹਾਰਾਣੀ ਪਰਨੀਤ ਕੌਰ ਅਤੇ ਕੈਪਟਨ ਅਮਰਿੰਦਰ ਸਿੰਘ ਸਮੇਤ ਹੋਰ ਬਹੁਤ ਸਾਰੇ ਆਗੂਆਂ ਦੀ ਚੋਣ ਮੁਹਿੰਮ ਸੰਭਾਲੀ ਅਤੇ ਜਿੱਤਾਂ ਦਰਜ਼ ਕਰਵਾਈਆਂ। ਉਹਨਾਂ ਪੰਜਾਬ ਵਿਧਾਨ ਸਭਾ ਲਈ ਵਿਧਾਨ ਸਭਾ ਹਲਕਾ ਮਾਹਿਲਪੁਰ ਤੋਂ 1985, 1992, 1997 ਦੀਆ ਚੋਣਾਂ ਲੜੀਆਂ ਪ੍ਰੰਤੂ ਉਹ ਤਿੰਨੇ ਵਾਰ ਪੰਜਾਬ ਬਸਪਾ ਦੇ ਆਗੂ ਅਵਤਾਰ ਸਿੰਘ ਕਰੀਮਪੁਰੀ ਅਤੇ ਮੌਜੂਦਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਤੋ ਚੋਣ ਹਾਰ ਗਏ।



ਉਹਨਾਂ ਦੇ ਲੜਕੇ ਰੂਬੀ ਚੋਧਰੀ ਨੇ ਦੱਸਿਆ ਕਿ ਉਹ ਪਿੱਛਲੇ ਕਾਫੀ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ।ਅੱਜ ਚੰਡੀਗੜ੍ਹ ਵਿੱਚ ਸਵੇਰੇ ਪਿਤਾ ਦੀ ਮੌਤ ਹੋਈ ਤੇ ਬਾਅਦ ਦੁਪਹਿਰ ਉਹਨਾਂ ਦਾ ਸਸਕਾਰ ਕਰ ਦਿੱਤਾ ਗਿਆ। ਸਸਕਾਰ ਮੌਕੇ ਸਮੂਹ ਸਿਆਸੀ ਪਾਰਟੀਆਂ ਦੇ ਸੀਨੀਅਰ ਆਗੂ ਅਤੇ ਸਮਰਥਕ ਹਾਜ਼ਰ ਸਨ। ਉਹਨਾ ਦੀ ਬੇਵਕਤੀ ਮੌਤ ਤੇ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ, ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ, ਸੀ ਪੀ ਐਮ ਦੇ ਆਗੂ ਦਰਸ਼ਨ ਸਿੰਘ ਮੱਟੂ, ਮਨਜੀਤ ਸਿੰਘ ਲਾਲੀ, ਪਰਵਾਸੀ ਭਾਰਤੀ ਕੁਲਵੰਤ ਸਿੰਘ ਸੰਘਾ, ਡਾ ਸੁਰਜੀਤ ਸਿੰਘ ਰੰਧਾਵਾ, ਸਾਬਕਾ ਵਿਧਾਇਕ ਚੋਧਰੀ ਰਾਮ ਰਤਨ ਸਮੇਤ ਮਾਹਿਲਪੁਰ ਇਲਾਕੇ ਦੀਆਂ ਹੋਰ ਬਹੁਤ ਸਾਰੀਆਂ ਸਖਸ਼ੀਅਤਾਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਚੋਧਰੀ ਗੁਰਮੇਲ ਸਿੰਘ ਨੂੰ ਦੋਆਬੇ ਦੀ ਰੂਹ ਆਖਿਆ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਉਹਨਾਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।




ਅਕਤੂਬਰ 2013 ਵਿਚ ਸੈਕਰਾਮੈਂਟੋ (ਕੈਲੀਫੋਰਨੀਆ) ਯੂਨਾਈਟਿਡ ਅਵੇਅਰਨੈਸ ਰਵਿਦਾਸੀਆ ਕਮਿਊਨਿਟੀ ਕੈਲੀਫੋਰਨੀਆ ਵੱਲੋਂ ਆਯੋਜਿਤ ਕੀਤੇ ਗਏ ਇਕ ਸਮਾਗਮ ਦਰਮਿਆਨ ਚੌਧਰੀ ਗੁਰਮੇਲ ਸਿੰਘ ਸਕਰੂਲੀ (ਸਾਬਕਾ ਸਿੱਖਿਆ ਮੰਤਰੀ) ਨੂੰ ਸਨਮਾਨਿਤ ਕਰਦਿਆਂ ਦੀ ਸ੍ਰੀ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ਼ ਦੁਆਬਾ ਤੇ ਅੰਬੇਦਕਰ ਟਾਈਮਜ਼) ਦੁਆਰਾ ਲਈ ਗਈ ਇਕ ਯਾਦਗਾਰ ਤਸਵੀਰ। ਤਸਵੀਰ ਵਿਚ ਚੌਧਰੀ ਗੁਰਮੇਲ ਸਿੰਘ ਨਾਲ ਖੜ੍ਹੇ ਹਨ ਸਰਵ ਸ੍ਰੀ ਜਰਨੈਲ ਸਿੰਘ (ਉਹਨਾਂ ਦੇ ਭਰਾ), ਓ. ਪੀ. ਬਾਲੀ, ਪਰਮਜੀਤ ਭੁੱਟਾ, ਹੰਸ ਰਾਜ ਕਾਜਲਾ, ਤਵਿੰਦਰ ਕਾਜਲਾ, ਰਾਕੇਸ਼ ਚੰਦਰ, ਸੁੱਖ ਰਾਮ ਚੰਦੜ, ਸੋਨੂੰ ਅੰਬੇਦਕਰ ਆਦਿ।

# ਅਕਾਲੀ ਭਾਜਪਾ ਰਾਜ ਵਿਚ ਦਲਿਤਾਂ 'ਤੇ ਕੀਤੇ ਜਾ ਰਹੇ ਹਨ ਅਤਿਆਚਾਰ

## ਬਸਪਾ ਸਾਂਸਦ ਅਵਤਾਰ ਸਿੰਘ ਕਰੀਮਪੁਰੀ ਨੇ ਰਾਜਸਭਾ ਵਿਚ ਚੁੱਕਿਆ ਮਾਮਲਾ,ਕੇਂਦਰ ਦੇਵੇ ਦਖਲ

ਫਗਵਾੜਾ 23 ਜੁਲਾਈ (ਬੀ. ਕੇ. ਰੱਤੂ)- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਰਾਜਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਵਿਚ ਦਲਿਤਾਂ 'ਤੇ ਕੀਤੇ ਜਾ ਰਹੇ ਅਤਿਆਚਾਰਾਂ ਦਾ ਮਾਮਲਾ ਮੰਗਲਵਾਰ ਨੂੰ ਸਿਫਰ ਆਵਰ ਦੌਰਾਨ ਰਾਜਸਭਾ ਵਿਚ ਚੁੱਕਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀ ਭਾਜਪਾ ਦੇ ਸ਼ਾਸਨ ਵਿਚ ਸੰਗਰੂਰ ਜਿਲ੍ਹੇ ਦੇ ਪਿੰਡ ਬਲਦ ਕਲਾਂ ਦੇ ਬੇਜਮੀਨੇ ਦਲਿਤਾਂ ਨੂੰ ਪਿੰਡ ਦੀ ਪੰਚਾਇਤੀ ਜਮੀਨ ਲਈ ਕੀਤੀ ਜਾ ਰਹੀ ਬੋਲੀ ਦੌਰਾਨ ਪੁਲਿਸ ਨੇ ਬੁਰੀ ਤਰ੍ਹਾਂ ਕੁੱਟਿਆ ਕਿਉਂਕਿ ਇਹ ਪੰਚਾਇਤੀ ਜਮੀਨ ਵਿਚ ਆਪਣੀ ਹਿੱਸੇਦਾਰੀ ਦੀ ਮੰਗ ਕਰ ਰਹੇ ਸਨ। ਪੁਲਿਸ ਨੇ ਤਸ਼ੱਦਦ ਤੋਂ ਇਲਾਵਾ ਇਨ੍ਹਾਂ 'ਤੇ 307 ਤੇ ਹੋਰ ਸੰਗੀਨ ਧਾਰਾਵਾਂ ਤਹਿਤ ਝੂਠੇ ਮਾਮਲੇ ਦਰਜ ਕਰਕੇ ਇਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ।



ਇਹ ਬੇਕਸੂਰ ਲੋਕ ਅਜੇ ਵੀ ਜੇਲ੍ਹ ਵਿਚ ਹੀ ਹਨ। ਪੁਲਿਸ ਦੇ ਲਾਠੀਚਾਰਜ ਵਿਚ ਬੁਰੀ ਤਰ੍ਹਾਂ ਜਖਮੀ ਹੋਏ ਪਿੰਡ ਬਲਦ ਕਲਾਂ ਦੇ ਕਈ ਲੋਕ ਅਜੇ ਵੀ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ। ਉਨ੍ਹਾਂ ਦੀ ਹਾਲਤ ਕਾਫੀ ਖਰਾਬ ਹੈ। ਸੰਗਰੂਰ ਦੇ ਹੀ ਪਿੰਡ ਬਾਓਪੁਰ ਵਿਚ ਅਜੇ ਵੀ ਦਲਿਤਾਂ ਦਾ ਬਾਈਕਾਟ ਜਾਰੀ ਹੈ। ਬਸਪਾ ਸਾਂਸਦ ਨੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਹੀ ਪੰਜਾਬ ਦੇ ਜਿਲ੍ਹੇ ਫਰੀਦਕੋਟ ਦੇ ਪਿੰਡ ਝੱਖੜਵਾਲ ਵਿਚ ਦਲਿਤਾਂ 'ਤੇ ਅਤਿਆਚਾਰ ਕੀਤਾ ਗਿਆ। ਪੰਚਾਇਤੀ ਜਮੀਨ ਵਿਚੋਂ ਆਪਣੇ ਹਿੱਸੇ ਦੀ ਜਮੀਨ 'ਤੇ ਘਰਾ ਬਣਾ ਕੇ ਬੈਠੇ ਇਨ੍ਹਾਂ ਲੋਕਾਂ ਦੇ ਘਰਾਂ ਨੂੰ ਪੰਚਾਇਤ ਤੇ ਸਿਵਲ ਪ੍ਰਸ਼ਾਸਨ ਨੇ ਪੁਲਿਸ ਦੀ ਮਦਦ ਦੇ ਨਾਲ ਢਾਹ ਦਿੱਤਾ ਤੇ ਬਾਅਦ ਵਿਚ ਇਨ੍ਹਾਂ ਨੂੰ ਅੱਗ ਲਗਾ ਦਿੱਤੀ। ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਉਹ ਸਪੀਕਰ ਰਾਹੀਂ ਇਹ ਮੰਗ ਕਰਦੇ ਹਨ ਕਿ ਕੇਂਦਰ ਇਸ ਮਾਮਲੇ ਵਿਚ ਦਖਲ ਦੇਵੇ। ਦਲਿਤਾਂ 'ਤੇ ਅਤਿਆਚਾਰ ਰੋਕੇ ਜਾਣ, ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਤੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਤੋਂ ਇਲਾਵਾ ਸੋਮਵਾਰ ਨੂੰ ਰੇਲ ਬਜਟ ਵਿਚ ਬਹਿਸ ਵਿਚ ਹਿੱਸਾ ਲੈਂਦਿਆਂ ਸ. ਕਰੀਮਪੁਰੀ ਨੇ ਮੰਗ ਕੀਤੀ ਕਿ ਪੰਜਾਬ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਖੁਰਾਲਗੜ੍ਹ ਤੋਂ ਸਿੱਧੀ ਟ੍ਰੇਨ ਬਨਾਰਸ ਜੋ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਹੈ, ਉੱਥੇ ਲਈ ਚਲਾਈ ਜਾਵੇ। ਦਿੱਲੀ ਤੋਂ ਬਠਿੰਡਾ ਦੇ ਲਈ ਚਲਾਈ ਸ਼ਤਾਬਦੀ ਫਿਰੋਜਪੁਰ ਤੱਕ ਕੀਤੀ ਜਾਵੇ, ਦਸੂਹਾ, ਹੁਸ਼ਿਆਰਪੁਰ, ਗੜਸ਼ੰਕਰ ਤੇ ਸ੍ਰੀ ਆਨੰਦਪੁਰ ਸਾਹਿਬ ਨੂੰ ਰੇਲ ਲਿੰਕ ਰਾਹੀਂ ਜੋੜਿਆ ਜਾਵੇ, ਫਿਰੋਜਪੁਰ ਤੇ ਅੰਮ੍ਰਿਤਸਰ ਨੂੰ ਜੋੜਿਆ ਜਾਵੇ। ਪੰਜਾਬ ਵਿਚ ਬਸਪਾ ਦੇ ਸੀਨੀਅਰ ਆਗੂ ਗੁਰਲਾਲ ਸੈਲਾ, ਡਾ. ਨਛੱਤਰ ਪਾਲ, ਬਲਦੇਵ ਖਹਿਰਾ, ਗੁਰਮੇਲ ਚੁੰਬਰ, ਧੰਨਾ ਸਿੰਘ ਸ਼ੇਰੋ, ਸੁਖਦੇਵ ਸਿੰਘ ਸ਼ੀਰਾ, ਹਰਭਜਨ ਬਜਹੇੜੀ, ਸੁਮਿੱਤਰ ਸਿੰਘ ਸੀਕਰੀ, ਯੋਗਾ ਸਿੰਘ ਪਨੌਦੀਆਂ ਸਮੇਤ ਸਾਰੇ ਆਗੂਆਂ ਨੇ ਬਸਪਾ ਸਾਂਸਦ ਅਵਤਾਰ ਸਿੰਘ ਕਰੀਮਪੁਰੀ ਦਾ ਪੰਜਾਬ ਨਾਲ ਸਬੰਧਤ ਇਹ ਮਾਮਲੇ ਚੁੱਕਣ ਲਈ ਧੰਨਵਾਦ ਕੀਤਾ। ਸ੍ਰੀ ਸੈਲਾ ਤੇ ਨਛੱਤਰ ਪਾਲ ਨੇ ਕਿਹਾ ਕਿ ਬਸਪਾ ਦਲਿਤ ਪਛੜੇ ਵਰਗ ਤੇ ਗਰੀਬਾਂ ਦੇ ਹਿੱਤਾਂ ਲਈ ਲਗਾਤਾਰ ਸੰਘਰਸ਼ ਕਰਦੀ ਰਹੇਗੀ ਤੇ ਉਨ੍ਹਾਂ ਨੂੰ ਇਨਸਾਫ ਲੈ ਕੇ ਦੇਵੇਗੀ।

Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

## Fresh Sweets, Snacks & Food

Catering for All occasions up to 10000 guests

Lunch - Dinner - Take Out - Banquets



## Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

## Raja™ Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345

### Items Serving:

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

### Catering Services:

- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

### Additional Services:

- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



ਕਸ਼ਮੀਰ ਸਿੰਘ ਹੀਰਾ

# INDIA MARKET

SWEETS & SPICES

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਬਰਿੰਦਰ ਬੰਗੜ



Eyebrow Threading & Henna Tattoo (each hand)

Only for $ 5.00

(Regular $ 8.00)
Walk In Welcome
Mon-Sat 10am to 7 pm

The Threading queen threading & HEENA TATTOOS

Call for appointment
(916) 297-0150, (916) 316-8199

1265 Pleasant grove blve# 100
Roseville 95747 (916) 297-0150, (916) 786-7666




## Sweets Spices Chaat House

Chaat Papdi. Samosa Chaat. Pani Puri. Dahi Vada. Bhel Puri Chaat

Chaat Plate Only for $2.99

916-786-7666

1265 Pleasant Grove Blvd. # 100 Roseville, CA 95747

## We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

916-338-5511

5203 Elkhorn Blvd.Sacramento, CA 95842













Pictures and Report: Er. Sukhwinder Singh Sukhi

ਸ਼੍ਰੀ ਗੁਰੂ ਰਵਿਦਾਸ ਸਭਾ ਸੈਂਟਰਲ ਵੈਲੀ ਫਰਿਜ਼ਨੋ ਵਿਖੇ ਸ਼੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸ਼ੁਭ ਦਿਹਾੜੇ ਤੇ ਗੁਰੂ ਘਰ ਦੀ ਕਮੇਟੀ ਵਲੋ ਜਿਨ੍ਹਾ ਬੱਚਿਆ ਨੇ ਸਕੂਲ ਵਿਚ 4 .0 ਜਾ ਇਸ ਤੋ ਵਧ ਜੀਪੀਏ ਪ੍ਰਾਪਤ ਕੀਤੇ ਨੂੰ ਸਨਮਾਨਿਤ ਕੀਤਾ ਗਿਆ, ਜਿੰਨ੍ਹਾ ਦੇ ਨਾਮ ਜਸਮੀਤ ਚਾਹਲ, ਸੁਰਮਤਪ੍ਰੀਤ ਕੌਰ, ਹਰਪ੍ਰੀਤ ਬੰਗੜ ਹਨ। ਇਸ ਦੇ ਨਾਲ ਇੰਡੀਆ ਤੋਂ ਆ ਕੇ ਜਿਨ੍ਹਾ ਨੇ ਸਖਤ ਮਿਹਨਤ ਕਰਕੇ ਡਿਗਰੀਆ ਪ੍ਰਾਪਤ ਕੀਤੀਆ ਨੂੰ ਵੀ ਸਨਮਾਨਿਤ ਕੀਤਾ ਗਿਆ, ਜਿਨ੍ਹਾ ਦੇ ਨਾਮ ਡਾ ਸਤਨਾਮ ਸਿੰਘ ਬੰਗੜ ਐਮ ਡੀ, ਡਾ ਪਰਮਲਾ ਬੰਗੜ, ਡਾ ਰਕੇਸ਼ ਕੁਮਾਰ ਬੰਗੜ ਡੈਟਿਸਟ, ਡਾ ਰਮਨਦੀਪ ਬੱਧਣ ਡੈਂਟਿਸਟ, ਭੁਪਿੰਦਰ ਕੌਰ ਗੁਰੂ ਸੀ ਪੀ ਏ, ਭੁਪਿੰਦਰ ਸਿੰਘ ਡਿਪਟੀ ਸੈਰਿਫ।




ਪ੍ਰਭੂ ਯਿਸੂ ਮਸੀਹ ਦੀ ਮਹਿਮਾਂ ਦਾ

ਸ਼ੁਭ ਸਮਾਗਮ

29,30 ਅਤੇ 31 ਅਗਸਤ 2014

ਮੁੱਖ ਬੁਲਾਰੇ:

ਪਾਸਟਰ ਜਗਪਾਲ ਸਿੰਘ ਧਾਲੀਵਾਲ ਅਤੇ ਪਾਸਟਰ ਰੇਹਾਨ ਗਾਰਸਟਿਨ (ਪੰਜਾਬੀ ਮਸੀਹੀ ਚਰਚ ਕੈਨੇਡਾ)



ਪਾਸਟਰ ਜਗਪਾਲ ਸਿੰਘ ਧਾਲੀਵਾਲ



ਪਾਸਟਰ ਰੇਹਾਨ ਗਾਰਸਟਿਨ

ਪਰਾਥਨਾ ਦੇ ਘਰ ਦੀਆਂ ਸਾਲਾਨਾ ਮੀਟਿੰਗਾਂ

ਪਰੋਗਰਾਮ:

ਅਗਸਤ 29 (ਸ਼ੁਕਰਵਾਰ): ਭੋਜਨ ਸ਼ਾਮ 5.00 ਵਜੇ, ਬੰਦਗੀ 6.30 ਵਜੇ
ਅਗਸਤ 30 (ਸ਼ੁਨੀਵਾਰ) : ਬੰਦਗੀ ਸਵੇਰੇ 10.30, ਭੋਜਨ 1.00 ਵਜੇ
ਅਗਸਤ 30 (ਸ਼ਨੀਵਾਰ) : ਭੋਜਨ 5.00 ਵਜੇ, ਬੰਦਗੀ ਸ਼ਾਮ 6.30 ਵਜੇ
ਅਗਸਤ 31 (ਐਤਵਾਰ) : ਬੰਦਗੀ ਸਵੇਰੇ 10.30, ਭੋਜਨ 1.00 ਵਜੇ

ਸਥਾਨ:

467 ਗਾਰਡਨ ਹਾਈਵੇ
ਯੂਬਾ ਸਿਟੀ CA 95991
ਸੰਪਰਕ ਵਾਸਤੇ ਫੋਨ ਕਰੋ:
530-933-6045

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਦੂਜਾ ਮਹਾਨ ਨਗਰ ਕੀਰਤਨ ਅਮਿੱਟ ਛਾਪ ਛੱਡਦਾ ਸੰਪੰਨ ਹੋਇਆ































# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।




BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544
Visit us on the Web at www.kashfabrics.com

**Phone: 510-538-1138**

# INDIA BAZAAR




## Indian, Pakistani & Fijjian Groceries

**We are open 7 DAYS A WEEK TIME : 9:00 A.M. TO 8:30 P.M.**

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210

# AAA AUTO AND BODY WORKS


ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

**510- 733- 2222**

1421 Industrial PKWY West#F Hayward, CA 94544

# Nationwide®

## AUTO HOME LIFE

## BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance
www.nationwide.com/jhamat

Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com

Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)



Manjinder S Jhamat

# ਸ੍ਰੀ ਖੁਰਾਲਗੜ੍ਹ ਸਾਹਿਬ ਸੱਚਖੰਡ ਬੱਸੀ ਵਿਖੇ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਾਹਿਬ-ਏ-ਕਮਾਲ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਛੋਹ ਪਵਿੱਤਰ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਤਿਗੁਰੂ ਕਬੀਰ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ 707 ਸਵਾਮੀ ਰਵੀ ਚਰਨ ਦਾਸ ਜੀ ਮਹਾਰਾਜ ਜੀ ਦੀ ਯੋਗ ਅਗਵਾਈ ਵਿਚ ਮਨਾਏ ਗਏ। ਸਤਿਗੁਰੂ ਕਬੀਰ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਵਿਚ ਕਥਾ ਪ੍ਰਵਾਹ ਸਵਾਮੀ ਰਵੀ ਚਰਨ ਦਾਸ ਜੀ ਮਹਾਰਾਜ ਕਾਂਸੀ ਵਾਲਿਆਂ ਨੇ ਕੀਤਾ।

ਇਸ ਮੌਕੇ ਤੇ ਖਾਸ ਤੌਰ ਤੇ ਸੇਵਾ ਕਰਨ ਲਈ ਸੰਤ ਨਿਰਮਲ ਸਿੰਘ ਸਿਰਥਲਾ ਲੁਧਿਆਣਾ ਵਾਲਿਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ।

ਹੋਰਨਾਂ ਤੋਂ ਇਲਾਵਾ ਇਸ ਮੌਕੇ ਚੇਅਰਮੈਨ ਆਲ ਇੰਡੀਆ ਆਦਿ ਧਰਮ ਮਿਸ਼ਨ ਚੇਤ ਰਾਮ ਤੱਖੀ, ਰਾਮ ਪ੍ਰਕਾਸ਼, ਸੁਰਿੰਦਰ ਫੌਜੀ, ਸੁਰਿੰਦਰ ਕਾਲਾ ਮੀਰਪੁਰ ਜੱਟਾਂ, ਪਾਲ ਸਿੰਘ ਖੰਨਾ, ਨਿਰਪਿੰਦਰ ਚੋਪੜਾ ਆਦਿ ਸ਼ਾਮਲ ਹੋਏ।



## ਏ ਆਰ ਰਹਿਮਾਨ ਦਾ ਸਨਮਾਨ 24 ਅਕਤੂਬਰ ਨੂੰ



**ਨਿਊਯਾਰਕ (ਰਾਜ ਗੋਗਨਾ ਭੁਲੱਥ)-** ਅਮਰੀਕਾ ਦਾ ਇਕ ਪ੍ਰਤੀਨਿਧੀ ਮੰਡਲ ਬਰਕਲੇ ਕਾਲਜ ਆਫ ਮਿਊਜ਼ਿਕ ਸੰਗੀਤਕਾਰ ਅਤੇ ਆਸਕਰ ਵਿਜੇਤਾ ਏ. ਆਰ. ਰਹਿਮਾਨ ਨੂੰ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਿਤ ਕਰੇਗਾ। ਭਾਰਤੀ ਮੂਲ ਦੇ ਏ. ਆਰ. ਰਹਿਮਾਨ ਸੰਗੀਤ ਦੇ ਖੇਤਰ ਵਿਚ ਉਹਨਾਂ ਦੇ ਲੰਮੇ ਯੋਗਦਾਨ ਨੂੰ ਦੇਖਦੇ ਹੋਏ ਇਹ ਉਪਾਧੀ ਦਿੱਤੀ ਜਾ ਰਹੀ ਹੈ। 47 ਸਾਲਾ ਰਹਿਮਾਨ ਨੂੰ ਇਹ ਸਨਮਾਨ ਅਮਰੀਕਾ ਵਿਚ 24 ਅਕਤੂਬਰ ਨੂੰ ਬਰਕਲੇ ਸੰਗੀਤ ਵਿਦਿਆਲਿਆ ਵਿਚ ਆਯੋਜਿਤ ਇਕ ਸਮਾਰੋਹ ਦੇ ਦੌਰਾਨ ਦਿੱਤਾ ਜਾਵੇਗਾ।

## ਬੰਬਾਂ-ਹਥਿਆਰਾਂ ਵਿਚ ਰਹਿਣ ਵਾਲੇ ਬੱਚੇ- ਸਾਨੂੰ ਭਵਿੱਖ ਨਾਲ ਨਫਰਤ ਹੈ

**ਸੈਕਰਾਮੈਂਟੋ (ਬਿਓਰੋ)-** ਹੁਣ ਯੁੱਧਾਂ ਤੋਂ ਜੋ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ, ਉਹ ਹਨ ਬੱਚੇ ਅਤੇ ਉਹਨਾਂ ਦਾ ਬਚਪਨ। ਗਾਜ਼ਾ ਅਤੇ ਸੀਰੀਆ ਦੇ ਬੱਚੇ ਯੁੱਧ ਦੀ ਇਸ ਤ੍ਰਾਸਦੀ ਨੂੰ ਸਿੱਧੇ ਤੌਰ ਤੇ ਸਹਿਣ ਕਰ ਰਹੇ ਹਨ। ਪੜ੍ਹਨ-ਲਿਖਣ ਅਤੇ ਖੇਡਣ ਦੀ ਉਮਰ ਵਿਚ ਉਹ ਭੁੱਖ ਅਤੇ ਭੈਅ ਤੋਂ ਪੀੜਤ ਹਨ, ਤੰਗਹਾਲੀ ਨੇ ਉਹਨਾਂ ਦੇ ਜੀਵਨ ਨੂੰ ਹੋਰ ਦਰਦਨਾਕ ਬਣਾ ਦਿੱਤਾ ਹੈ।

ਗਾਜ਼ਾ ਵਿਚ ਹਰ ਘੰਟੇ ਇਕ ਬੱਚੇ ਦੀ ਮੌਤ ਹੋ ਰਹੀ ਹੈ ਅਤੇ ਸੀਰੀਆ ਵਿਚ ਵਿਦਰੋਹੀਆਂ ਅਤੇ ਅਸਦ ਸਰਕਾਰ ਵਿਚਕਾਰ ਲੜਾਈ ਨੇ ਬੱਚਿਆਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਹੈ। ਯੁੱਧ ਦੇ ਹਾਲਾਤ ਹੀ ਉਹਨਾ ਦੇ ਲਈ ਹੁਣ ਰੋਜ਼ਾਨਾ ਦੀ ਜ਼ਿੰਦਗੀ ਬਣ ਚੁੱਕੇ ਹਨ। ਸਾਡੇ ਵਕਤ ਦੇ ਯੁੱਧ ਅਜਿਹੇ ਸੰਘਰਸ਼ ਬਣ ਚੁੱਕੇ ਹਨ ਜੋ ਸਿੱਧੇ ਸੜਕ ਤੇ ਜਾਂ ਸਕੂਲਾਂ ਵਿਚ ਲੜੇ ਜਾ ਰਹੇ ਹਨ। ਜ਼ਿਆਦਾ ਤੋਂ ਜ਼ਿਆਦਾ ਬੱਚੇ ਇਹਨਾਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਅਤੇ ਉਹਨਾਂ ਦਾ ਬਚਪਨ ਨਸ਼ਟ ਹੋ ਰਿਹਾ ਹੈ। ਪਿਛਲੇ ਹਫਤਾ ਯੂ. ਐਨ ਨੇ ਪਾਇਆ ਕਿ ਗਾਜ਼ਾ ਵਿਚ ਹਰ ਘੰਟੇ ਇਕ ਬੱਚੇ ਦੀ ਮੌਤ ਹੋ ਰਹੀ ਹੈ। ਗਾਜ਼ਾ ਤੋਂ ਪਹਿਲਾਂ ਸੀਰੀਆਈ ਬੱਚਿਆਂ ਦੀਆਂ ਇਸੇ ਤਰ੍ਹਾਂ ਮੌਤਾਂ ਹੋਈਆਂ ਹਨ।



ਸੀਰੀਆ ਵਿਚ ਸੰਘਰਸ਼ ਨੂੰ ਤਿੰਨ ਸਾਲ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਹੈ ਅਤੇ ਇੱਥੇ ਨਵਜੰਮੇ ਬੱਚੇ ਤੱਕ ਬਦੂਕਾਂ ਦੇ ਨਿਸ਼ਾਨੇ ਤੇ ਹਨ। ਦਸ ਲੱਖ ਬੱਚੇ ਭੁੱਖ ਅਤੇ ਭੈਅ ਵਿਚਕਾਰ ਜਿਉਂ ਰਹੇ ਹਨ ਅਤੇ ਇਹਨਾਂ ਵਿਚੋਂ ਜ਼ਿਆਦਾਤਰ ਯੁੱਧ ਗ੍ਰਸਤ ਇਲਾਕਿਆਂ ਵਿਚ ਹਨ। ਸੀਰੀਆ ਦੇ ਹਰ ਦੌਰੇ ਦੇ ਨਾਲ ਇਹ ਅਹਿਸਾਸ ਵਧਦਾ ਗਿਆ ਕਿ ਬੱਚੇ ਕੇਵਲ ਪਿਆਰ ਲੈਣ ਵਾਲੀ ਆਬਾਦੀ ਹੀ ਨਹੀਂ, ਬਲਕਿ ਉਹ ਮੋਰਚੇ ਤੇ ਹਨ ਅਤੇ ਸਾਡੇ ਸਮੇਂ ਦੇ ਯੁੱਧਾਂ ਦੀ ਜਟਿਲਤਾ ਅਤੇ ਨਤੀਜਿਆਂ ਬਾਰੇ ਆਪਣੀਆਂ ਕਹਾਣੀਆਂ ਬਿਆਨ ਕਰਦੇ ਹਨ।

ਪਿਛਲੇ ਛੇ ਮਹੀਨੇ ਤੋਂ ਸੀਰੀਆਈ ਬੱਚਿਆਂ ਦੀ ਹਾਲਤ ਦੇਖੀ ਗਈ। ਇਕ 9 ਸਾਲਾ ਬੱਚੇ ਇਜਾਦੀਨ ਨੇ ਦੱਸਿਆ ਕਿ ਮੈਂ ਉਮਰ ਅਤੇ ਦਿਖਣ ਵਿਚ ਤਾਂ ਬੱਚਾ ਹਾਂ ਪਰ ਆਤਮ ਵਿਸ਼ਵਾਸ ਅਤੇ ਇਨਸਾਨੀਅਤ ਦੇ ਲਿਹਾਜ਼ ਨਾਲ ਨਹੀਂ, ਪਹਿਲਾਂ 12 ਸਾਲ ਦੇ ਬੱਚੇ ਨੂੰ ਬਾਲਗ ਮੰਨਿਆ ਜਾਂਦਾ ਸੀ, ਹੁਣ ਜੇਕਰ ਤੁਸੀਂ 12 ਸਾਲ ਦੇ ਹੋ ਤਾਂ ਤੁਹਾਨੂੰ ਜੇਹਾਦ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ।

ਇਸੇ ਤਰ੍ਹਾਂ ਦਮਿਸ਼ਕ ਦੇ 14 ਸਾਲਾ ਜਲਾਲ ਨੂੰ ਅਫਸੋਸ ਹੈ ਕਿ ਇਸ ਸੰਕਟ ਨੇ ਉਹਨਾਂ ਨੂੰ ਬਦਲ ਦਿੱਤਾ ਹੈ। ਹੁਣ ਬੱਚੇ ਵੀ ਸਮਝਦਾਰ ਹੋ ਗਏ ਹਨ ਅਤੇ ਉਹ ਰਾਜਨੀਤੀ ਤੇ ਗੱਲ ਕਰਦੇ ਹਨ।

### ਮਾਮਲਾ ਮਿਡ ਡੇ ਮੀਲ ਰਾਹੀਂ ਸਕੂਲੀ ਬੱਚਿਆ ਨੂੰ ਮੁਰਗਾ ਮੱਛੀ ਦੇਣ ਦਾ

## ਸਕੂਲ ਵਿੱਦਿਆ ਦਾ ਮੰਦਰ ਹਨ, ਸਰਕਾਰ ਰੈਸਟੋਰੈਂਟ ਨਾ ਬਣਾਏ - ਸੰਤ ਕੁਲਵੰਤ ਰਾਮ

ਫਗਵਾੜਾ- ਸਕੂਲ ਵਿੱਦਿਆ ਦੇ ਮੰਦਰ ਹਨ, ਪੰਜਾਬ ਸਰਕਾਰ ਰੈਸਟੋਰੈਂਟ ਨਾ ਬਣਾਏ ਜਾਣ। ਉਕਤ



ਵਿਚਾਰਾ ਦਾ ਪ੍ਰਗਟਾਵਾ ਸੰਤ ਕੁਲਵੰਤ ਰਾਮ ਭਰੋਮਜ਼ਾਰਾ ਪ੍ਰੈੱਸ ਸਕੱਤਰ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆ ਨੂੰ ਮਿਡ-ਡੇ-ਮੀਲ ਸਕੀਮ ਤਹਿਤ 'ਮੁਰਗਾ-ਮੱਛੀ' ਦੇਣ ਦੀ ਜੋ ਸਹੂਲਤ ਦੇਣ ਦਾ ਐਲਾਨ ਕੀਤਾ ਉਹ ਸਰਾਸਰ ਗਲਤ ਹੈ।ਸਰਕਾਰ ਸਕੂਲੀ ਬੱਚਿਆ ਨੂੰ ਮਾਨਸਿਕ ਤੇ ਸਰੀਰਿਕ ਤੋਰ ਤੇ ਤੰਦਰੁਸਤ ਰੱਖਣ ਲਈ ਪੌਸ਼ਟਿਕ ਖਾਣਾ ਹੀ ਸਕੂਲਾਂ ਵਿੱਚ ਭੇਜੇ ਨਾ ਕਿ ਮੁਰਗਾ ਮੱਛੀ। ਜੋ ਵਿਅਕਤੀ ਮਿਡ-ਡੇ-ਮੀਲ ਦੀ ਸਕੀਮ ਤੋਂ ਪਹਿਲਾਂ ਅਫਸਰ ਬਣੇ ਹਨ ਉਹ ਆਪਣੇ ਘਰਾਂ ਵਿੱਚੋਂ ਖਾਣਾ ਖਾ ਕੇ ਬਣੇ ਹਨ। ਜੇ ਪੰਜਾਬ ਸਰਕਾਰ ਸੱਚਮੁੱਚ ਗਰੀਬਾ, ਬੇ-ਰੁਜਗਾਰਾ ਦੀ ਸੱਚੀ ਹਮਦਰਦ ਹੈ ਤਾਂ ਬੇਰੁਜਗਾਰ ਅਧਿਆਪਕਾ ਨੂੰ ਨੋਕਰੀਆ ਦੇਵੇ, ਬੱਚਿਆ ਦੇ ਉਜਵੱਲ ਨੂੰ ਧਿਆਨ ਵਿੱਚ ਰੱਖਦਿਆ ਪ੍ਰਾਇਮਰੀ ਸਕੂਲਾਂ 'ਚ ਟੀਚਰਾਂ ਦੀ ਘਾਟ ਨੂੰ ਪਹਿਲ ਦੇ ਅਧਾਰ ਪੂਰਾ ਕਰੇ ਅਤੇ ਵਰਦੀ ਤੋ ਲੈ ਕੇ ਕਾਪੀਆਂ ਕਿਤਾਬਾਂ ਟੋਟਲ ਫਰੀ ਦਿੱਤੀਆ ਜਾਣ। ਉਨ੍ਹਾਂ ਅੱਗੇ ਕਿਹਾ ਕਿ ਸਕੂਲਾਂ ਵਿੱਚ ਬੱਚਿਆ ਨੂੰ ਮੁਰਗਾ ਮੱਛੀ ਦੇਣਾ ਗਰੀਬ ਲੋਕਾਂ ਨਾਲ ਮਜ਼ਾਕ ਹੈ। ਜੇ ਸਰਕਾਰ ਨੇ ਇਹ ਸਕੀਮ ਬੰਦ ਨਾ ਕੀਤੀ ਤਾਂ ਵੱਡੇ ਪੱਧਰ ਤੇ ਲੋਕਾਂ ਤੇ ਸੰਸਥਾਂਵਾ ਨੂੰ ਨਾਲ ਲੈਕੇ ਇਸ ਸਕੀਮ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਹੋਰ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਚੋਣਾਂ ਦੋਰਾਨ ਹੋਰ ਖਮਿਆਜਾ ਭੁਗਤਣਾ ਪੈ ਸਕਦਾ ਹੈ।

ਇਸ ਮੋਕੇ ਸੰਤ ਲਛਮਣ ਦਾਸ, ਸੰਤ ਜਿੰਦਰ ਬਾਬਾ, ਗਿ: ਨਾਜਰ ਸਿੰਘ, ਅਮਰੀਕ ਲਾਲ, ਨਰਿੰਦਰ ਕੁਮਾਰ, ਡਾ. ਜੋਹਲ, ਜੋਗਿੰਦਰ ਰਾਮ ਫੌਜੀ, ਬਲਵਿੰਦਰ ਰਾਮ, ਬਲਜੀਤ ਰਾਮ, ਬੀਬੀ ਹਰਬੰਸ ਕੌਰ, ਬੀਬੀ ਗੁਰਮੀਤ ਕੌਰ, ਰੋਹਿਤ ਕੁਮਾਰ, ਮਦਨ ਲਾਲ, ਗੁਰਪ੍ਰੀਤ ਗੋਪੀ, ਨਰਿੰਦਰ ਕੁਮਾਰ ਆਦਿ ਹਾਜਰ ਸਨ।

## ਚੱਬੇਵਾਲ 'ਚ ਬੁੱਧੀ ਜੀਵੀ ਸੰਮੇਲਨ ਦੌਰਾਨ ਅਮ੍ਰਿਤਾ ਵਿਰਕ ਦਰਸ਼ਕ ਕੀਲੇ



ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਰਵਿਦਾਸੀਆਂ ਧਰਮ ਸੰਗਠਨ ਅਤੇ ਬੇਗਮਪੁਰਾ ਟਾਈਗਰ ਫੋਰਸ ਦੋਆਬਾ ਦੇ ਸਮੂਹ ਮੈਬਰਾਂ ਵਲੋਂ ਇਲਾਕਾ ਵਾਸੀਆ ਦੇ ਸਹਿਯੋਗ ਨਾਲ ਪਿੰਡ ਚੱਬੇਵਾਲ ਵਿਖੇ ਇੱਕ ਬੁੱਧੀ ਜੀਵੀ ਸੰਮੇਲਨ ਕਰਵਾਇਆ ਗਿਆ, ਜਿਸ ਵਿਚ ਇਲਾਕੇ ਦੀਆ ਬੁੱਧੀ ਜੀਵੀ ਸਖਸ਼ੀਅਤਾਂ ਤੇ ਸੰਤ ਮਹਾਂ ਪੁਰਸ਼ਾਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਵੱਖ ਵੱਖ ਬੁਲਾਰਿਆ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਜੀਵਨੀ ਬਾਰੇ ਵਿਸਥਾਰ ਪੂਰਬਕ ਚਾਨਣਾ ਪਾਇਆ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪ੍ਰਸਿਧ ਲੋਕ ਗਾਇਕਾ ਅਮ੍ਰਿਤਾ ਵਿਰਕ ਨੇ ਆਪਣਾ ਧਾਰਮਿਕ ਪ੍ਰੋਗ੍ਰਾਮ ਪੇਸ਼ ਕਰਕੇ ਸ਼੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਉਕਤ ਸਮਾਗਮ ਵਿੱਚ ਦਰਸ਼ਕਾਂ ਦੀ ਗਿਣਤੀ ਘੱਟ ਰਹੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਦੇ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ, ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸੰਤ ਨੰਦ ਕਿਸ਼ੋਰ, ਸਰਿੰਦਰ ਪੱਪੀ, ਸਤਪਾਲ ਚੱਬੇਵਾਲ, ਮਹਿੰਦਰ ਸਿੰਘ ਜੇ.ਈ., ਬਲਰਾਜ ਸਿੱਧੂ ਚੋਹਾਲ, ਚੰਦਨ ਕੁਮਾਰ, ਸੁਰਿੰਦਰ ਸਿੱਧੂ,ਸੰਨੀ ਭੀਲੋਵਾਲ, ਡਾ. ਬਲਦੇਵ ਸਿੰਘ, ਜਗਮੋਹਨ ਸਿੰਘ, ਜਸਵੀਰ ਜੱਸੀ ਆਦਿ ਹੋਰ ਹਾਜ਼ਰ ਸਨ।

# ਜੇਲ੍ਹ ਵਿਚ ਰਹਿ ਕੇ ਵੀ ਡਿਗਰੀਆਂ ਅਤੇ ਐਵਾਰਡਾਂ ਦਾ ਢੇਰ

ਅਹਿਮਦਾਬਾਦ- ਕਾਨੂੰਨ ਦੀ ਉਲੰਘਣਾ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਕੈਦੀ ਭਾਨੂ ਭਾਈ ਪਟੇਲ ਨੇ ਸਜ਼ਾ ਕੱਟਣ ਦੇ ਨਾਲ ਹੀ ਇਕ ਤੋਂ ਬਾਅਦ ਇਕ ਡਿਗਰੀ ਹਾਸਲ ਕਰਕੇ ਨਵਾਂ ਰਿਕਾਰਡ ਬਣਾ ਦਿੱਤਾ। ਚਾਲੀ ਤੋਂ ਜ਼ਿਆਦਾ ਡਿਗਰੀਆਂ ਅਤੇ ਡਿਪਲੋਮੇ ਹਾਸਲ ਕਰਨ ਵਾਲੇ ਭਾਨੂ ਭਾਈ ਪਟੇਲ ਡਾ. ਅੰਬੇਦਕਰ ਓਪਨ ਯੂਨੀਵਰਸਿਟੀ ਵਿਚ ਅਧਿਆਪਕ ਹਨ। ਇਸ ਸਮੇਂ ਉਹ ਰਾਜ ਦੀਆਂ ਦੋ ਦਰਜਨ ਤੋਂ ਜ਼ਿਆਦਾ ਜੇਲ੍ਹਾਂ ਦੇ ਕੈਦੀਆਂ ਨੂੰ ਪੜ੍ਹਾਈ ਨਾਲ ਜੋੜਨ ਦਾ ਕੰਮ ਕਰ ਰਹੇ ਹਨ। ਉਹਨਾਂ ਦੇ ਇਸ ਕਾਰਨਾਮੇ ਨੂੰ ਰਿਕਾਰਡ ਬੁਕਸ ਵਿਚ ਜੇਲ੍ਹ ਵਿਚ ਰਹਿੰਦੇ ਹੋਏ ਸਭ ਤੋਂ ਜ਼ਿਆਦਾ ਸਿੱਖਿਆ ਯੋਗਤਾ ਹਾਸਲ ਕਰਨ ਵਾਲੇ ਵਿਅਕਤੀ ਦੇ ਰੂਪ ਵਿਚ ਜਗ੍ਹਾ ਮਿਲੀ ਹੈ। ਭਾਨੂ ਭਾਈ ਨੇ ਜੇਲ੍ਹ ਵਿਚ ਗੁਜ਼ਾਰੇ ਕੇਵਲ ਅੱਠ ਸਾਲ ਵਿਚ ਹੀ ਇਹ ਕਾਰਨਾਮਾ ਕਰ ਦਿਖਾਇਆ ਹੈ। ਪੇਸ਼ੇ ਤੋਂ ਡਾਕਟਰ ਗੁਜਰਾਤ ਦੇ ਭਾਵਨਗਰ ਨਿਵਾਸੀ ਭਾਨੂਭਾਈ ਪਟੇਲ ਸਾਲ 1991 ਵਿਚ ਅਮਰੀਕਾ ਵਿਚ ਸਨ।

ਲੱਖਾਂ ਦੀ ਵਿਦੇਸ਼ੀ ਮੁਦਰਾ ਦੇ ਨਜਾਇਜ਼ ਟਰਾਂ-ਸਫਰ ਦੇ ਮਾਮਲੇ ਵਿਚ ਉਹਨਾਂ ਦੇ ਖਿਲਾਫ ਗੁਜਰਾਤਵਿਚ ਮਾਮਲਾ ਦਰਜ ਹੋਇਆ। ਉਦੋਂ ਉਹਨਾਂ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਵਿਦੇਸ਼ੀ ਮੁਦਰਾ ਕਾਨੂੰਨ ਦੀ ਉਲੰਘਣਾ ਕਰਕੇ ਉਹ ਵੱਡੀ ਮੁਸੀਬਤ ਵਿਚ ਫਸ ਜਾਣਗੇ। ਇਸ ਮਾਮਲੇ ਵਿਚ 2004 'ਚ ਉਹਨਾਂ ਨੂੰ ਜੇਲ੍ਹ ਹੋ ਗਈ। ਜਨਵਰੀ 2005 ਵਿਚ ਉਹਨਾਂ ਨੇ ਡਾ. ਭੀਮ ਰਾਓ ਅੰਬੇਦਕਰ ਓਪਨ ਯੂਨੀਵਰਸਿਟੀ ਦੀ ਜਾਣਕਾਰੀ ਦਿੱਤੀ ਗਈ। ਇੱਥੋਂ ਉਹਨਾਂ ਨੇ ਐਮ ਐਸ ਸੀ ਕਰਨੀ ਸ਼ੁਰੂ ਕੀਤਾ। ਅੱਜ ਉਹਨਾਂ ਦੇ ਕੋਲ ਬੀ. ਕਾਮ, ਐਮ. ਕਾਮ, ਪੋਸਟ ਗ੍ਰੈਜੂਏਟ ਡਿਪਲੋਮਾ, ਸਰਟੀਫਿਕੇਟ ਕੋਰਸ, ਮਹਾਤਮਾ ਗਾਂਧੀ,ਬਾਬਾ ਸਾਹਿਬ ਅੰਬੇਦਕਰ ਅਤੇ ਸੈਰ ਸਪਾਟਾ ਵਰਗੇ ਵਿਸ਼ਿਆਂ ਤੇ ਖੋਜ ਅਤੇ ਸਰਟੀਫਿਕੇਟ ਹਨ। ਭਾਨੂ ਭਾਈ ਨੂੰ ਯੂਨਿਕ ਵਰਲਡ ਰਿਕਾਰਡ, ਏਸ਼ੀਆ ਬੁੱਕ ਰਿਕਾਰਡ ਨਾਲ ਨਿਵਾਜਿਆ ਜਾ ਚੁੱਕਾ ਹੈ। ਨਾਲ ਹੀ ਉਹਨਾਂ ਦਾ ਨਾਂ ਲਿਮਕਾ ਬੁੱਕ ਆਫ ਰਿਕਾਰਡ ਵਿਚ ਵੀ ਦਰਜ ਹੈ। ਉਹਨਾਂ ਨੇ ਹਾਲ ਹੀ ਵਿਚ ਐਮ. ਬੀ. ਏ. ਪੂਰੀ ਕੀਤੀ ਹੈ।

# ਡਾ: ਅੰਬੇਦਕਰ ਦਾ ਕੱਟ ਆਊਟ ਉਖਾੜੇ ਜਾਣ ਕਾਰਨ ਭਾਰੀ ਰੋਸ


ਅੰਬੇਡਕਰਾਈਟ ਧਰਨੇ ਤੇ ਬੈਠੇ ਹੋਏ


ਧਰਨਾਕਾਰੀਆਂ ਉਤੇ ਪੁਲਿਸ ਪਾਣੀ ਦੀਆਂ ਬੁਛਾੜਾਂ ਮਾਰਦੀ ਹੋਈ


ਕਰੇਨ ਕੱਟ-ਆਊਟ ਉਖਾੜਦੀ ਹੋਈ

ਪਿਛਲੇ ਦਿਨੀਂ 21 ਜੁਲਾਈ, 2014 ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਜਾਲਣਾ ਦੀ ਤਹਿਸੀਲ ਇਫਰਾਬਾਦ ਦੇ ਪਿੰਡ ਵਰੁੜ ਵਿਚ ਲੱਗੇ ਡਾ ਅੰਬੇਦਕਰ ਦੇ ਵੱਡਆਕਾਰ ਕੱਟ ਆਊਟ (ਵੱਡ ਆਕਾਰੀ ਤਸਵੀਰ) ਨੂੰ ਉਥੋਂ ਦੀ ਪੰਚਾਇਤ ਨੇ ਉਖਾੜਨ ਦਾ ਤਹੱਈਆ ਕਰ ਲਿਆ ਤਾਂ ਉਥੋਂ ਦੇ ਅੰਬੇਡਕਰਾਈਟ ਲੋਕਾਂ ਨੇ ਵਿਰੋਧ ਵਜੋਂ ਧਰਨਾ ਮਾਰਿਆ। ਧਰਨਾਕਾਰੀਆਂ ਨੂੰ ਖਦੇੜਨ ਲਈ ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ।

ਇਸ ਕਾਰਨ ਕਈ ਲੋਕੀ ਜ਼ਖਮੀ ਵੀ ਹੋ ਗਏ। ਅਖੀਰ ਪੁਲਿਸ ਦੀ ਮਦਦ ਦੇ ਨਾਲ ਬੁਲਡੋਜ਼ਰ ਰਾਹੀਂ ਡਾ: ਅੰਬੇਦਕਰ ਦਾ ਕੱਟ ਆਊਟ ਉਖਾੜ ਦਿੱਤਾ ਗਿਆ। ਜਿਸ ਕਾਰਨ ਡਾ ਅੰਬੇਦਕਰ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਲੋਕਾਂ ਨੂੰ ਧੱਕਾ ਲੱਗਾ ਅਤੇ ਇਲਾਕੇ ਵਿਚ ਰੋਸ ਦੀ ਲਹਿਰ ਹੈ। ਇਸ ਸਬੰਧੀ ਯੂ- ਟਿਊਬ ਤੇ ਵੀ ਵੀਡੀਓ ਦੇਖੀ ਜਾ ਸਕਦੀ ਹੈ।

Report & Pictures: Sujay Savane

# ਸਰਕਾਰ ਦੀ ਅਣਗਹਿਲੀ ਦਾ ਸ਼ਿਕਾਰ ਹੈ ਗਦਰ ਲਹਿਰ ਦੇ ਆਗੂ ਅਤੇ ਆਦਿ ਧਰਮ ਮੰਡਲ ਆਗੂ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੂੱਗੋਵਾਲੀਆ ਦੀ ਸਮਾਧ

ਗਦਰ ਲਹਿਰ ਦੇ ਆਗੂ ਅਤੇ ਆਦਿ ਧਰਮ ਮੰਡਲ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਹੋਇਆ ਸੀ। 23 ਸਾਲ ਦੀ ਉਮਰ ਵਿੱਚ 1909 ਵਿੱਚ ਯੂ ਐਸ ਏ ਚਲੇ ਗਏ। ਉਸ ਸਮੇਂ ਸਾਨ ਫਰਾਂਸਿਸਕੋ ਵਿੱਚ ਗਦਰ ਲਹਿਰ ਸ਼ੁਰੂ ਹੋ ਗਈ ਸੀ ਅਤੇ ਬਰਤਾਨੀਆਂ ਬਸਤੀਵਾਦ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚੱਲ ਰਹੀ ਸੀ। ਬਾਬੂ ਮੰਗੂ ਰਾਮ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ 1 ਨਵੰਬਰ, 1913 ਨੂੰ ਸਥਾਪਿਤ ਕੀਤੀ ਗਈ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਦੌਰਾਨ ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸੰਮੁਦਰ ਰਸਤੇ ਭਾਰਤ ਲਿਜਾਉਣਾ ਸੀ ਅਤੇ ਇਸ ਮਿਸ਼ਨ ਦੀ ਜਿੰਮੇਵਾਰੀ ਬਾਬੂ ਜੀ ਨੂੰ ਦਿਤੀ ਗਈ। ਇਸ ਮਿਸ਼ਨ ਦੀ ਭਣਕ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਸਰਕਾਰ ਨੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਕਾਮਾਗਾਟਾ ਮਾਰੂ ਕਹਿਲਾਂਦਾ ਹੈ ਬਰਤਾਨੀਆਂ ਸਰਕਾਰ ਨੇ ਸੰਮੁਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਮੰਗੂ ਰਾਮ ਜੀ ਕਿਸੇ ਤਰੀਕੇ ਨਾਲ ਬਚ ਗਏ ਪਰੰਤੂ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਮੰਗੂ ਰਾਮ ਜੀ 1925 ਵਿੱਚ ਭਾਰਤ ਵਾਪਸ ਆ ਗਏ। 1925 ਦੇ ਅੰਤ ਵਿੱਚ ਬਾਬੂ ਜੀ ਨੇ ਅਪਣੇ ਪਿੰਡ ਮੂਗੋਵਾਲ ਵਿੱਚ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਅਛੂਤਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ



ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭਜਵਾਈਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਜੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਅਜਾਦ ਭਾਰਤ ਵਿੱਚ ਵੀ ਬਾਬੂ ਜੀ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਦਲਿਤ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

ਗਦਰ ਲਹਿਰ ਅਤੇ ਆਦਿ ਧਰਮ ਮੰਡਲ ਦੇ ਇਸ ਆਗੂ ਦੇ ਪਿੰਡ ਮੂਗੋਵਾਲ ਵਿੱਚ ਸਰਕਾਰ ਜਾਂ ਕਿਸੇ ਸੰਗਠਨ ਨੇ ਕੋਈ ਵੀ ਵਿਸ਼ੇਸ਼ ਯਾਦਗਾਰ ਨਹੀਂ ਬਣਾਈ ਹੈ ਅਤੇ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਤੇ ਗੜਸ਼ੰਕਰ ਵਿੱਚ ਬਣਾਈ ਗਈ ਸਮਾਧ ਦੀ ਹਾਲਤ ਵੀ ਖਸਤਾ ਹੈ। ਹਰ ਸਰਕਾਰ ਵਲੋਂ ਅਜ਼ਾਦੀ ਘੁਲਾਟੀਆਂ, ਦਲਿਤ ਰਹਿਵਰਾਂ ਦੀਆਂ ਯਾਦਗਾਰਾਂ ਬਣਾਉਣ ਅਤੇ ਸੰਭਾਲਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਸ ਆਗੂ ਦੀ ਯਾਦ ਵਿੱਚ ਹੁਣ ਤੱਕ ਸਰਕਾਰ ਵਲੋਂ ਕੋਈ ਖਾਸ ਕਾਰਵਾਈ ਨਹੀਂ ਕੀਤੀ ਗਈ ਹੈ। ਪਿਛਲੇ ਦਿਨੀਂ ਬਾਬੂ ਮੰਗੂ ਰਾਮ ਮੂਗੋਵਾਲੀਆ ਸਬੰਧੀ ਸਨਮਾਨ ਸਮਾਰੋਹ ਆਯੋਜਿਤ ਕਰਨ ਵਾਲੇ ਆਗੂਆਂ ਅਮਰਜੀਤ ਗੁਰੂ ਅਤੇ ਤਰਸੇਮ ਕੌਰ ਗੁਰੂ ਨਾਲ ਜਦੋਂ ਇਸ ਸਬੰਧੀ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਬੇਸ਼ੱਕ ਕੁੱਝ ਸੰਗਠਨ ਬਾਬੂ ਜੀ ਦੇ ਨਾਮ ਤੇ ਅਕਸਰ ਪ੍ਰੋਗਰਾਮ ਕਰਵਾਂਦੇ ਹਨ ਪਰ ਉਨ੍ਹਾਂ ਦੀ ਕੋਈ ਯਾਦ ਨਾਂ ਬਣਾਉਣਾ ਬਹੁਤ ਹੀ ਦੁੱਖ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਬਾਬੂ ਜੀ ਦੀ ਯਾਦ ਬਣਾਉਣ ਲਈ ਜਲਦੀ ਇੱਕ ਟਰਸਟ ਬਣਾਇਆ ਜਾਵੇਗਾ ਜੋ ਬਾਬੂ ਜੀ ਦੀ ਸਮਾਧ ਦੀ ਸਾਂਭ ਸੰਭਾਲ ਕਰੇਗਾ।

**- ਕੁਲਦੀਪ ਚੰਦ**

# ਡੇਰਾ ਮਹਾਨਪੁਰੀ ਸਾਹਰੀ ਵਿਖੇ ਬਾਬਾ ਸਾਹਿਬ ਦੇ ਜਨਮ ਦਿਵਸ ਤੇ 180 ਹੋਣਹਾਰ ਬੱਚਿਆਂ ਨੂੰ ਕੀਤਾ ਸਨਮਾਨਿਤ

ਸ਼੍ਰੀ ਗੁਰੁ ਰਵਿਦਾਸ ਨੌਜਵਾਨ ਸਭਾ ਸਾਹਰੀ ਅਤੇ ਅਵੇਅਰਨੈੱਸ ਮਿਸ਼ਨ ਹੁਕੜਾਂ ਬ੍ਰਦਰਜ਼ ਵਲੋਂ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਪ੍ਰੋਗ੍ਰਾਮ ਵਿਚ ਡੇਰਾ ਮਹਾਨਪੁਰੀ ਸਾਹਰੀ ਵਿਖੇ ਸੱਤ ਸਰਕਾਰੀ ਸਕੂਲਾਂ ਦੇ ਹੋਣਹਾਰ 180 ਵਿਦਿਆਰਥੀਆਂ ਨੂੰ ਵਰਦੀਆਂ, ਸਟੇਸ਼ਨਰੀ, ਮੋਮੈਂਟੋ ਅਤੇ ਕਾਪੀਆਂ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰੋਗ੍ਰਾਮ ਦੇ ਮੁਖ ਵਕਤਾ ਡਾ. ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸੈਕੜਿਆਂ ਦੀ ਤਾਦਾਦ ਵਿਚ ਹਾਜ਼ਰ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਬਾਰੇ ਵਿਸਥਾਰਤ ਜਾਣਕਾਰੀ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਦਾ ਸਮੁਚਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਸ੍ਰੋਤ ਹੈ।ਇੱਕ ਗਰੀਬ ਪਰਿਵਾਰ ਵਿਚ ਪੈਦਾ ਹੋ ਕੇ ਉਹਨਾਂ ਨੇ ਸਿਖਿਆ ਦੇ ਸਹਾਰੇ ਨਾ ਕੇਵਲ ਆਪਣੇ ਜੀਵਨ ਨੂੰ ਹੀ ਉੱਚਾ ਚੁਕਿਆ ਸਗੋਂ ਕਰੋੜਾਂ ਬੇਸਹਾਰਿਆਂ ਨੂੰ ਵੀ ਜ਼ਿੰਦਗੀ ਜੀਉਣ ਦਾ ਹੱਕ ਲੈ ਕੇ ਦਿੱਤਾ।ਅੱਜ ਆਪਣੇ ਸਮਾਜ ਨੂੰ ਵਧੀਆ ਬਣਾਉਣ ਲਈ ਸਾਨੂੰ ਬਾਬਾ ਸਾਹਿਬ ਵਾਂਗ ਮਿਸ਼ਨਰੀ ਭਾਵਨਾ ਨਾਲ ਕੰਮ ਕਰਨ ਦੀ ਜਰੂਰਤ ਹੈ।ਜਦ ਤੱਕ ਸਾਡੇ ਸਮਾਜ ਵਿਚ ਕੂੜ ਹੈ, ਗੰਦ ਹੈ ਉਦੋਂ ਤੱਕ ਅਸੀਂ ਭਾਂਵੇ ਆਪਣੇ ਘਰ ਨੂੰ ਜਿੰਨਾ ਮਰਜੀ ਵਧੀਆ ਬਣਾਈ ਜਾਈਏ ਸਾਡੇ ਉਪਰ ਇਸ ਗੰਦ ਦੇ ਛਿੱਟੇ ਪੈਣਗੇ ਹੀ ਪੈਣਗੇ।ਨਸ਼ੇ, ਭਰੁਣ ਹੱਤਿਆ ਵਰਗੀਆਂ ਅਲਾਮਤਾਂ ਨੇ ਸਾਡੇ ਪੰਜਾਬ ਦਾ ਨਾਮ ਪੂਰੀ ਦੁਨੀਆ ਵਿਚ ਬਦਨਾਮ ਕਰ ਦਿੱਤਾ ਹੈ।ਧੀ ਦੀ ਰੱਖਿਆ ਕਰਨ ਵਾਲਾ ਪੰਜਾਬੀ ਅੱਜ ਖੁਦ ਹੀ ਧੀ ਦਾ ਦੋਖੀ ਹੈ। ਅੱਜ ਬਾਬਾ ਸਾਹਿਬ ਨੂੰ ਯਾਦ ਕਰਦੇ ਹੋਏ ਸਾਰੇ ਪ੍ਰਣ ਕਰਕੇ ਜਾਓ ਕਿ ਅਸੀਂ ਸਾਫ ਸੁਥਰੇ ਸਮਾਜ ਦੀ ਸਿਰਜਨਾ ਵਿਚ ਆਪਣਾ ਬਣਦਾ ਯੋਗਦਾਨ ਪਾਵਾਂਗੇ।

ਪ੍ਰੋਗ੍ਰਾਮ ਦੇ ਕੋਆਰਡੀਨੇਟਰ ਡਾ. ਜਸਵੰਤ ਰਾਏ ਨੇ ਆਖਿਆ ਕਿ ਅੱਜ ਇਥੇ ਸੱਤ ਸਕੂਲਾਂ ਦੀ ਹੋਣਹਾਰ ਕਰੀਮ ਬੈਠੀ ਹੈ।ਡਾ. ਰੌਣਕੀ ਰਾਮ ਤੁਹਾਡੇ ਸਾਰਿਆਂ ਲਈ ਉਦਾਹਰਣ ਹੈ।ਇਸੇ ਪਿੰਡ ਸਾਹਰੀ ਤੋਂ ਉੱਠ ਕੇ ਜਿਨ੍ਹਾਂ ਨੇ ਸਿਖਿਆ ਦੇ ਬਲਬੂਤੇ ਪੂਰੀ ਦੁਨੀਆਂ ਵਿਚ ਆਪਣੀ ਧਾਕ ਜਮਾਈ ਹੈ। ਡਾ. ਰੌਣਕੀ ਰਾਮ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਨੂੰ ਪੂਰੀ ਦੁਨੀਆਂ ਦੇ ਸਾਹਮਣੇ ਰੱਖਿਆ ਹੈ। ਦੇਸ਼ ਦੁਆਬਾ ਅਖਬਾਰ, ਅੰਬੇਡਕਰ ਡਾਟ ਆਰਗ. ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਮਰੀਕਾ ਹੋਰਾਂ ਨੇ ਖੁਦ ਕਈ ਵਾਰੀ ਡਾ. ਰੌਣਕੀ ਰਾਮ ਜੀ ਨੂੰ ਬਾਬਾ ਸਾਹਿਬ ਨਾਲ ਸੰਬੰਧਿਤ ਪ੍ਰੋਗ੍ਰਾਮਾਂ ਲਈ ਵਿਦੇਸ਼ ਸੱਦਿਆ ਹੈ। ਅੱਜ ਇਹਨਾਂ ਦੇ ਵਿਚਾਰਾਂ ਨੇ ਜਿੱਥੇ ਵਿਦਿਆਰਥੀਆਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ ਹੈ ਉਥੇ ਵਿਦਿਆਂਰਥੀਆਂ ਦੇ ਮਾਪਿਆਂ ਨੂੰ ਵੀ ਚੋਖੀ ਗਾਇਡੈਂਸ ਮਿਲੀ ਹੈ।





ਇਸ ਮੌਕੇ ਸ਼੍ਰੀ ਰਾਮ ਦਿਆਲ ਇੰਨਸਪੈਕਟਰ ਚੰਡੀਗੜ੍ਹ ਪੁਲਿਸ ਅਤੇ ਅਵੇਅਰਨੈੱਸ ਮਿਸ਼ਨ ਹੁਕੜਾਂ ਬ੍ਰਦਰਜ਼ ਦੇ ਬਾਨੀ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੜ੍ਹਨ ਲਈ ਪ੍ਰੇਰਿਆ। ਉਨਾਂ ਕਿਹਾ ਕਿ ਅੱਜ ਦੇ ਨੌਜਵਾਨ ਨੂੰ ਨਸ਼ਿਆਂ ਦਾ ਤਿਆਗ ਕਰਕੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ। ਨਸ਼ੇ ਕਰਨ ਨਾਲ ਜਿੱਥੇ ਸਰੀਰਕ, ਮਾਨਸਿਕ, ਆਤਮਿਕ ਅਤੇ ਸਮਾਜਿਕ ਨੁਕਸਾਨ ਹੁੰਦਾ ਹੈ ਉਥੇ ਪਰਿਵਾਰਕ ਜ਼ਿੰਦਗੀ ਵੀ ਨਰਕ ਭਰੀ ਹੋ ਜਾਂਦੀ ਹੈ। ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਹਰ ਇੱਕ ਮੁਸ਼ਕਿਲ ਦਾ ਦ੍ਰਿੜਤਾ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ ਤਾਂ ਜੋ ਉਹਨਾਂ ਦਾ ਜੀਵਨ ਸਫਲ ਹੋ ਸਕੇ। ਉਨਾਂ ਕਿਹਾ ਕਿ ਸਾਡਾ ਮਿਸ਼ਨ ਵੀ ਬੱਚਿਆਂ ਨੂੰ ਸਰਵ ਉਚ ਗਿਆਨ, ਨਰੋਈ ਸਿਹਤ, ਮਾਨਵਤਾ ਦੀ ਸੇਵਾ ਅਤੇ ਵਿਗਿਆਨਕ ਰੁਚੀ ਪ੍ਰਦਾਨ ਕਰਾਉਣ ਲਈ ਪੂਰੀ ਵਾਹ ਲਾ ਰਿਹਾ ਹੈ ਤਾਂ ਜੋ ਕੋਈ ਬੱਚਾ ਪੜ੍ਹਾਈ ਤੋਂ ਵਾਂਝਾ ਨਾ ਰਹਿ ਸਕੇ। ਡਾ. ਜਸਵੰਤ ਰਾਏ ਨੇ ਦੱਸਿਆ ਕਿ ਸ਼੍ਰੀ ਰਾਮ ਦਿਆਲ ਆਪਣੇ ਮਿਸ਼ਨ ਨਾਲ 2001 ਤੋਂ ਲਗਾਤਾਰ ਹਰ ਸਾਲ ਸੱਤ ਪ੍ਰੋਗ੍ਰਾਮ ਜਿਵੇਂ ਕੁੜੀਆਂ ਦੀ ਲੋਹੜੀ, ਮੈਡੀਸਨਲ ਰੁਖ ਲਗਾਉਣੇ, ਵਿਦਿਆਰਥੀਆਂ ਦੇ ਵਿਦਿਅਕ ਮੁਕਾਬਲੇ ਕਰਵਾਉਣੇ, 23 ਮਾਰਚ ਨੂੰ ਸ਼ਹੀਦੀ ਦਿਵਸ ਤੇ ਬੱਚੇ ਖਟਕੜ ਕਲਾਂ ਲੈ ਕੇ ਜਾਣੇ, ਨਵੋਦਿਆ ਦੀ ਪੜ੍ਹਾਈ ਲਈ ਮੁਫਤ ਕੋਚਿੰਗ, ਦੋ ਕੰਪਿਊਟਰ ਸੈਂਟਰ ਮੁਫਤ ਅਤੇ ਹਰ ਸਾਲ ਬੱਚਿਆਂ ਦੇ ਮੁਫਤ ਵਿਦਿਅਕ ਟੂਰ ਲਗਾਉਣੇ ਆਦਿ ਪ੍ਰਕਿਰਿਆਵਾਂ ਨਾਲ ਸਮਾਜ ਭਲਾਈ ਦੇ ਕੰਮਾਂ ਵਿਚ ਡਟੇ ਹੋਏ ਹਨ।

ਇਸ ਮੌਕੇ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਅਤੇ ਲੈਕਚਰਾਰ ਸ਼੍ਰੀ ਭਗਤ ਰਾਮ ਫਗਵਾੜਾ ਨੇ ਬਾਬਾ ਸਾਹਿਬ ਦੀ ਜ਼ਿੰਦਗੀ ਦੀਆਂ ਅਹਿਮ ਘਟਨਾਵਾਂ ਹਾਜ਼ਰਿਨ ਨਾਲ ਸਾਂਝੀਆਂ ਕੀਤੀਆਂ। ਅਵੇਅਰਨੈੱਸ ਮਿਸ਼ਨ ਹੁਕੜਾਂ ਬ੍ਰਦਰਜ਼ ਵਲੋਂ ਸੱਤ ਸਕੂਲਾਂ ਦੇ 180 ਵਿਦਿਆਰਥੀ ਜੋ ਆਪਣੀ ਆਪਣੀ ਜਮਾਤ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਸਨ ਨੂੰ ਵਰਦੀਆਂ, ਸਟੇਸ਼ਨਰੀ, ਕਾਪੀਆਂ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਹੋਣਹਾਰ ਬੱਚਿਆਂ ਦੀ ਪੜ੍ਹਾਈ ਵਿਚ ਪਾਏ ਯੋਗਦਾਨ ਕਰਕੇ ਸਨਮਾਨਿਤ ਕੀਤਾ ਗਿਆ।ਲੰਗਰ ਦੀ ਸੇਵਾ ਕਰਨ ਲਈ ਸ਼੍ਰੀ ਭਾਗ ਚੰਦ ਅਮਰੀਕਾ ਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸ਼ੁਭ ਮੌਕੇ ਸ਼੍ਰੀ ਬਲਦੇਵ ਸਿੰਘ ਧੂੰਨੇ ਹਾਲੈਂਡ ਨਿਵਾਸੀ ਨੇ ਸ਼੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ 21000 ਰੁਪਏ ਦਾ ਵਿੱਤੀ ਯੋਗਦਾਨ ਵੀ ਦਿੱਤਾ। ਇਸ ਵੇਲੇ ਗੱਦੀ ਨਸ਼ੀਨ ਬਾਬਾ ਮੋਹਨ ਦਾਸ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿਚ ਵਿਦਿਆਰਥੀਆਂ ਲਈ ਇਹੋ ਜਿਹੇ ਪ੍ਰੋਗ੍ਰਾਮ ਕਰਦੇ ਰਹਿਣ ਲਈ ਪ੍ਰੇਰਿਆ। ਸਟੇਜ ਸਕੱਤਰ ਦੀ ਭੂਮਿਕਾ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।

ਇਸ ਵੇਲੇ ਬਾਬਾ ਗੁਰਮੁਖ ਦਾਸ, ਜਸਵੀਰ ਸਿੰਘ ਬਿੰਦਰ, ਡਾ. ਸੰਤੋਖ ਸਿੰਘ, ਸ਼੍ਰੀ ਲਹਿੰਬਰ ਰਾਮ ਝਮਟ, ਹਰਭਜਨ ਸਿੰਘ ਸੂਬੇਦਾਰ ਡਾਰਿਰੈਕਰ ਬਾਬਾ ਮਾਹਨ ਦਾਸ ਨਰਸਿੰਗ ਕਾਲਜ ਸਾਹਰੀ, ਰੌਸਨ ਸਿੰਘ, ਪ੍ਰਗਟ ਸਿੰਘ, ਅਮਰੀਕ ਸਿੰਘ, ਡਾ. ਬਲਬੀਰ ਸਿੰਘ, ਮਿਹਰ ਚੰਦ, ਨਰਿੰਦਰ ਕੁਮਾਰ, ਗੋਲਡੀ, ਬਲਵੀਰ ਧੋਨਾ, ਅਮਰਜੀਤ ਸਿੰਘ, ਸਨੀ, ਸੁਰਜੀਤ ਸਿੰਘ ਗਗਨੌਲੀ, ਵੱਖ ਵੱਖ ਅਖਬਾਰਾਂ ਦੇ ਮੀਡੀਆ ਕਰਮਚਾਰੀ, ਵਿਦਿਆਰਥੀ, ਮਾਪੇ ਅਤੇ ਸੰਗਤਾਂ ਹਾਜ਼ਰ ਸਨ।ਅੰਤ ਵਿਚ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ।

**ਰਿਪੋਰਟ: ਡਾ. ਜਸਵੰਤ ਰਾਏ ਸਾਹਰੀ**
**ਮੋਬਾਇਲ 09815825999**

# HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and
All Over The World

Email: happytravelsusa@yahoo.com
PHONE: 209-594-8473
E-FAX: 877-623-6177

1743 GRAND CANAL BLVD
12 STOCKTON, CA 95207

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com

# Mikasa
HOMES & FUNDING

## Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com

# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004

SMOG N TAG

(916) 334-7664
6421 Watt Ave.
North Highlands, CA 95660
STAR Certified

$10.00 Off initial Smog Check
Restrictions Apply - See Store for Details

FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features
All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!

$5 DISCOUNT PARKING VALIDATION




Varieties of Video Games Available

Variety of Sandwiches are also available

FREE WiFi FREE WiFi FREE WiFi FREE WiFi

Ram Gopal (916) 448-6239
200 "J" Street, Sacramento, CA 95814

# ਬਹੁਜਨਾਂ ਦੇ ਪ੍ਰਾਣ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ

ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਦਾ ਜਨਮ 29 ਜਨਵਰੀ 1904 ਨੂੰ ਮੁਈ ਸਤਾਰ ਕਾਦੀ ਗ੍ਰਾਮ ਬਾਕਰਗੰਜ ਜ਼ਿਲ੍ਹੇ ਵਿਚ ਨਮੋਸ਼ੂਦਰ ਸਧਾਰਨ ਕਿਸਾਨ ਪਰਿਵਾਰ ਵਿਚ ਹੋਇਆ ਸੀ। ਮਾਤਾ ਦਾ ਨਾਂ ਪੂਜਨੀਕ ਸੰਧਿਆ ਦੇਵੀ ਅਤੇ ਪਿਤਾ ਦਾ ਨਾਂ ਰਾਮਦਿਆਲ ਮੰਡਲ ਸੀ। ਯੋਗੇਂਦਰਨਾਥ ਮੰਡਲ ਪੰਜ ਭਰਾਵਾਂ ਵਿਚ ਸਭ ਤੋਂ ਛੋਟੇ ਅਤੇ ਇਕ ਭੈਣ ਸੀ।ਉਹਨਾਂ 1924 ਵਿਚ ਮਿਡਲ ਪ੍ਰੀਖਿਆ ਅੰਕ ਗਣਿਤ ਅਤੇ ਸੰਸਕ੍ਰਿਤੀ ਤੋਂ ਪਹਿਲੇ ਸਥਾਨ ਤੇ ਰਹਿ ਕੇ ਪਾਸ ਕੀਤੀ। 1926 ਵਿਚ ਆਈ. ਏ., 1929 ਵਿਚ ਬੀ. ਏ. ਅਤੇ ਬ੍ਰਜਮੋਹਨ ਕਾਲਜ ਤੋਂ ਕੋਲਕਾਤਾ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਕਾਨੂੰਨ ਦੀ ਡਿਗਰੀ ਲੈ ਕੇ 1934 ਵਿਚ ਵਰੀਸ਼ਾਲ ਜ਼ਿਲ੍ਹਾ ਅਦਾਲਤ ਵਿਚ ਵਕਾਲਤ ਆਰੰਭ ਕੀਤੀ। ਪਰ ਉਹਨਾਂ ਦਾ ਮੂਲ ਉਦੇਸ਼ ਸਮਾਜ ਸੇਵਾ ਸੀ। ਉਹ ਸਮਾਜ ਸੇਵਕ ਦੇ ਰੂਪ ਵਿਚ ਚਰਚਿਤ ਹੋ ਗਏ। 25 ਜੁਲਾਈ 1936 ਤੱਕ ਉਹ ਵਕਾਲਤ ਨਾਲ ਜੁੜੇ ਰਹੇ। ਜਨਵਰੀ 1936 ਵਿਚ ਗੌਰ ਨਦੀ ਥਾਣੇ ਤੋਂ ਲੋਕਲ ਬੋਰਡ ਦੀ ਚੋਣ ਜਿੱਤੀ। ਭਾਰਤੀ ਐਕਟ 1935 ਦੇ ਮੁਤਾਬਕ ਜਨਰਲ ਇਲੈਕਸ਼ਨ ਨਿਸ਼ਚਿਤ ਹੋਈਆਂ। 6 ਫਰਵਰੀ 1936 ਨੂੰ ਚੋਣਾਂ ਦਾ ਐਲਾਨ ਹੋਇਆ। ਬਾਕਰ ਗੰਜ ਉਤਰ ਪੂਰਬ ਸਧਾਰਨ ਪਿੰਡ ਚੋਣ ਖੇਤਰ ਤੋਂ ਚੋਣ ਲੜੀ। ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜ਼ਿੰਮੀਦਾਰ ਸਰਲ ਕੁਮਾਰ ਦੱਤ ਨੂੰ 12069 ਵੋਟਾਂ ਨਾਲ ਹਰਾਇਆ। 53.20 ਫੀਸਦੀ ਵੋਟਾਂ ਮਿਲੀਆਂ। ਉਸ ਵਕਤ (1938 ਵਿਚ) ਪੁਲਿਸ ਕਰਮਚਾਰੀ ਨਮੋਸ਼ੂਦਰ (ਅਨੁਸੂਚਿਤ ਜਾਤੀ) ਨੂੰ ਬੈਠਕ ਵਿਚ ਰਹਿਣ ਨਹੀਂ ਦਿੱਤਾ ਜਾਂਦਾ ਸੀ। ਉਦੋਂ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਨੇ ਅਸੈਂਬਲੀ ਵਿਚ ਮੁੱਦਾ ਉਠਾ ਕੇ ਨਮੋਸ਼ੂਦਰ ਪੁਲਿਸ ਨੂੰ ਬੈਠਕ ਵਿਚ ਰਹਿਣ ਦੀ ਵਿਵਸਥਾ ਕਰਵਾਈ।

ਸ਼ਿਯੋਮਾ-ਹੱਕ ਮੰਤਰੀ ਮੰਡਲ ਨੂੰ 1941 ਅਤੇ 1943 ਵਿਚ ਦੋ ਵਾਰ ਯੋਗੇਂਦਰਨਾਥ ਮੰਡਲ ਨੇ ਹੀ ਹਰਾਇਆ। ਸ਼ਿਆਮਾ ਹੱਕ ਦਾ ਮਤਲਬ ਹੁੰਦਾ ਹੈ ਜਦੋਂ ਸ਼ਿਆਮਾ ਪ੍ਰਸਾਦ ਮੁਖਰਜੀ ਜੋ ਸੰਘ ਦੇ ਸੰਸਥਾਪਕ ਸਨ, ਅੱਜ ਉਸੇ ਜਨਸੰਘ ਦਾ ਨਾਂ ਬਦਲ ਕੇ ਭਾਰਤੀ ਜਨਤਾ ਪਾਰਟੀ ਰੱਖਿਆ ਗਿਆ ਹੈ ਅਤੇ ਹੱਕ ਦਾ ਪੂਰਾ ਨਾਂ ਫਜ਼ਰੁਲ ਹੱਕ ਸੀ। ਸ਼ਿਆਮਾ ਪ੍ਰਸਾਦ ਮੁਖਰਜੀ ਅਤੇ ਫਜ਼ਰੂਲ ਹੱਕ ਮਿਲ ਕੇ ਸਰਕਾਰ ਬਣਾਉਂਦੇ ਸਨ, ਇਸ ਕਰਕੇ ਨਾਂ ਪਿਆ ਸੀ ਸ਼ਿਆਮਾ-ਹੱਕ ਮੰਤਰੀ ਮੰਡਲ। ਦੋ ਵਾਰ ਸਰਕਾਰ ਡੇਗਣ ਤੋਂ ਬਾਅਦ ਤੀਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਚੱਲ ਰਹੀ ਸੀ। ਅਜਿਹੇ ਸਮੇਂ ਵਿਚ ਮੁਸਲਿਮ ਲੀਗ ਦੋ ਗਰੁੱਪਾਂ ਵਿਚ ਵੰਡੀ ਗਈ ਸੀ। ਇਕ ਗਰੁੱਪ ਦੀ ਅਗਵਾਈ ਸ਼ਿਆਮਾ ਪ੍ਰਸਾਦ ਮੁਖਰਜੀ ਅਤੇ ਦੂਜੇ ਗਰੁੱਪ ਦੀ ਅਗਵਾਈ ਖਵਾਜਾ ਨਜ਼ੀਮੁਦੀਨ ਕਰ ਰਹੇ ਸਨ। ਯੋਗੇਂਦਰਨਾਥ ਮੰਡਲ ਅਨੁਸੂਚਿਤ ਜਾਤੀ ਦੇ ਵਿਧਾਇਕ ਨੂੰ ਲੈ ਕੇ ਅਸੈਂਬਲੀ ਵਿਚ ਇਕ ਬਲਾਕ ਬਣਾਇਆ ਸੀ (ਇੰਡੀਪੈਂਡੈਂਟ ਸ਼ਡਿਊਲ ਕਾਸਟ ਪਾਰਟੀ) ਉਸੇ ਬਲਾਕ ਦੇ ਜ਼ਰੀਏ ਯੋਗੇਂਦਰਨਾਥ ਮੰਡਲ ਨੇ ਕਿਹਾ, ਜੋ ਸਾਡੀ ਸ਼ਰਤ ਮੰਨੇਗਾ, ਅਸੀਂ ਉਸਨੂੰ ਸਰਕਾਰ ਬਣਾਉਣ ਲਈ ਸਮਰਥਨ ਦਿਆਂਗੇ। ਉਹਨਾਂ ਦੀ ਸ਼ਰਤ ਸੀ 3 ਅਨੁਸੂਚਿਤ ਜਾਤੀ ਦੇ ਮੰਤਰੀ, 3 ਪਾਰਲੀਮੈਂਟ ਸਕੱਤਰ ਕਮਿਊਨਲ ਐਕਟ ਦੇ ਤਹਿਤ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਨੌਕਰੀ ਅਤੇ ਹਰੇਕ ਸਾਲ ਅਨੁਸੂਚਿਤ ਜਾਤੀ ਦੀ ਸਿੱਖਿਆ ਦੇ ਲਈ 5 ਲੱਖ ਰੁਪਏ ਦੀ ਰਾਸ਼ੀ ਖਰਚ ਕਰਨਾ। ਤਾਂ ਅਜਿਹੇ ਸਮੇਂ ਵਿਚ ਸ਼ਿਆਮਾ ਪ੍ਰਸਾਦ ਮੁਖਰਜੀ ਅਤੇ ਫਜ਼ਰੂਲ ਹੱਕ ਨੂੰ ਸ਼ਰਤਾਂ ਸਵੀਕਾਰ ਨਾ ਹੋਈਆਂ।

ਪਰ ਖਵਾਜਾ ਨਜ਼ੀਮੁਦੀਨ ਨੇ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਦੀ ਸ਼ਰਤ ਮੰਨ ਲਈ। ਇਸ ਕਰਕੇ ਜਦੋਂ ਸਰਕਾਰ ਬਣੀ ਤਾਂ ਪਹਿਲੀ ਵਾਰ 1943 ਵਿਚ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਮੰਤਰੀ ਬਣੇ। ਉਸ ਮੰਤਰੀ ਮੰਡਲ ਵਿਚ 7 ਮੁਸਲਿਮ ਮੰਤਰੀ, 3 ਅਨੁਸੂਚਿਤ ਜਾਤੀ ਦੇ, 3 ਸਵਰਣ ਹਿੰਦੂ ਮੰਤਰੀ ਬਣੇ। ਇਸ ਸਰਕਾਰ ਨੂੰ 1945 ਵਿਚ ਬੰਗਾਲ ਦੇ ਗਵਰਨਰ ਨੇ ਭੰਗ ਕਰ ਦਿੱਤਾ।



ਮਾਰਚ 1946 ਵਿਚ ਜਨਰਲ ਇਲੈਕਸ਼ਨ ਹੋਏ। ਸੋਹਰਾਵ ਵਰਦੀ ਮੰਤਰੀ ਮੰਡਲ ਵਿਚ ਤਪਸੀਲੀ ਫੈਡਰੇਸ਼ਨ ਵੱਲੋਂ ਦੂਜੀ ਵਾਰ ਮੰਤਰੀ ਬਣੇ। ਸ਼ਡਿਊਲਡ ਕਾਸਟ ਫੈਡਰੇਸ਼ਨ ਵੱਲੋਂ ਸਾਰੇ ਭਾਰਤ ਵਿਚ ਚੋਣਾਂ ਲੜੀਆਂ ਗਈਆਂ। ਉਸ ਵਿਚ ਸਾਰੇ ਭਾਰਤ ਤੋਂ ਇਕ ਇਕ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਫਿਰੋਜ਼ਪੁਰ ਪਟੁਆ ਖਾਲੀ ਤੋਂ ਚੋਣ ਜਿੱਤੇ।


30 ਜੁਲਾਈ 1946 ਨੂੰ ਹੋ ਰਹੇ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਪ੍ਰਦੇਸ਼ ਸੰਮੇਲਨ ਵਿਚ ਭਾਗ ਲੈਣ ਦੇ ਲਈ ਬਾਬਾ ਸਾਹਿਬ ਡਾ. ਅੰਬੇਦਕਰ 28 ਜੁਲਾਈ 1946 ਨੂੰ ਕਲਕੱਤਾ ਪਹੁੰਚੇ।ਬਾਬਾ ਸਾਹਿਬ ਅੰਬੇਦਕਰ ਬਹੁਤ ਚਿੰਤਤ ਸਨ ਕਿਉਂਕਿ ਸੰਵਿਧਾਨ ਸਭਾ ਵਿਚ ਐਮ ਐਲ ਏ ਦੇ ਵੋਟ ਤੋਂ ਚੁਣ ਕੇ ਜਾਣ ਦੀ ਵਿਵਸਥਾ ਸੀ ਅਤੇ ਉਸ ਵਿਚ ਇਹ ਵਿਵਸਥਾ ਸੀ ਕਿ ਹਿੰਦ ਐਮ. ਐਲ. ਏ. ਨੂੰ ਹਿੰਦੂ ਨੂੰ, ਮੁਸਲਿਮ ਵਿਧਾਇਕ ਮੁਸਲਿਮ ਨੂੰ ਵੋਟ ਦੇ ਸਕਦਾ ਸੀ। ਪਰ ਐਂਗਲੋ ਇੰਡੀਅਨ ਕਿਸੇ ਨੂੰ ਵੀ ਵੋਟ ਦੇ ਸਕਦਾ ਸੀ, ਬੰਗਾਲ ਦਾ ਐਂਗਲੋ ਇੰਡੀਅਨ ਕਿਸੇ ਨੂੰ ਵੀ ਵੋਟ ਨਹੀਂ ਦਿੰਦਾ ਸੀ। ਅਜਿਹਾ ਫੈਸਲਾ ਲਿਆ ਗਿਆ ਸੀ।

ਉਦੋਂ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਅੰਬੇਦਕਰ ਚਿੰਤਾ ਵਿਚ ਸਨ ਕਿ ਇਕ ਹੀ ਵਿਧਾਇਕ ਯੋਗੇਂਦਰਨਾਥ ਮੰਡਲ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਹਨ। ਕਾਂਗਰਸ ਵਾਲੇ ਪੂਰੀ ਕੋਸ਼ਿਸ਼ ਵਿਚ ਹਨ ਕਿ ਬਾਬਾ ਸਾਹਿਬ ਅੰਬੇਦਕਰ ਨੂੰ ਸੰਵਿਧਾਨ ਸਭਾ ਵਿਚ ਨਾ ਜਾਣ ਦਿੱਤਾ ਜਾਵੇ। ਅਜਿਹੀਆਂ ਪ੍ਰਸਥਿਤੀਆਂ ਵਿਚ ਇਕ ਵਿਧਾਇਕ ਨਾਲ ਸੰਵਿਧਾਨ ਸਭਾ ਵਿਚ ਚੁਣ ਕੇ ਜਾਣਾ ਅਸੰਭਵ ਹੈ। ਇਹ ਸੁਣ ਕੇ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਨੇ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ, ਅਸੀਂ ਕਿਸੇ ਵੀ ਹਾਲਤ ਵਿਚ ਤੁਹਾਨੂੰ ਸੰਵਿਧਾਨ ਸਭਾ ਵਿਚ ਭੇਜਾਂਗੇ। ਯੋਗੇਂਦਰਨਾਥ ਮੰਡਲ ਦਾ ਭਰੋਸਾ ਮਿਲਣ ਤੇ ਬਾਬਾ ਸਾਹਿਬ ਅੰਬੇਦਕਰ ਦਿੱਲੀ ਚਲੇ ਗਏ। ਫਿਰ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਨੇ ਬਾਬਾ ਸਾਹਿਬ ਅੰਬੇਦਕਰ ਦਾ ਨਾਂ ਪੇਸ਼ ਕੀਤਾ। ਇਕ ਵੋਟ ਦਾ ਸਹਾਰਾ ਲੈ ਕੇ ਚੋਣ ਲੜੀ ਗਈ। 18 ਜੁਲਾਈ 1946 ਨੂੰ ਚੋਣ ਹੋਈ। 19 ਜੁਲਾਈ ਨੂੰ ਵੋਟਾਂ ਦੀ ਸੁਰੱਖਿਆ ਦੇ ਲਈ ਅਸੈਂਬਲੀ ਵਿਚ 599 ਪੰਜਾਬੀ ਸਿੱਖ (ਜੋ ਚਮਾਰ ਜਾਤੀ ਨਾਲ ਸਬੰਧਤ ਸਨ) ਤਿਲਜਲਾ ਕਲਕੱਤਾ ਵਿਚ ਚਮੜਾ ਉਦਯੋਗ ਨਾਲ ਜੁੜੇ ਲੋਕ ਤਲਵਾਰ ਲੈ ਕੇ ਪਹੁੰਚੇ ਹੋਏ ਸਨ। ਬਾਬਾ ਸਾਹਿਬ ਅੰਬੇਦਕਰ ਉਹ ਚੋਣ ਸਭ ਤੋਂ ਜ਼ਿਆਦਾ ਵੋਟਾਂ ਨਾਲ ਜਿੱਤ ਗਏ। ਇਸ ਖੁਸ਼ੀ ਵਿਚ 20 ਜੁਲਾਈ 1946 ਨੂੰ ਜੇਤੂ ਜਲੂਸ ਸ਼ਰਧਾਨੰਦ ਪਾਰਕ ਤੋਂ ਆਰੰਭ ਹੋ ਕੇ ਅੱਧਾ ਕਿਲੋਮੀਟਰ ਲੰਮਾ ਜਲੂਸ ਹਰੀਸਨ ਰੋਡ ਸਿਆਲਾਦਾਹ ਮੋੜ ਅਪਰ ਸਰਕੂਲਰ ਮਹੂਆ ਬਾਜ਼ਾਰ, ਕਾਲਜ ਸਟ੍ਰੀਟ, ਓਲਿੰਗਟਨ ਸਟ੍ਰੀਟ, ਧਰਮਤਲਾ ਚੌਰੰਗੀ ਰੋਡ, ਥੀਏਟਰ ਰੋਡ ਹੁੰਦੇ ਹੋਏ ਤਿਲਜਲਾ ਗੁਰੂ ਰਵਿਦਾਸ ਮੰਦਰ ਵਿਚ ਇਕ ਸਭਾ ਦੇ ਰੂਪ ਵਿਚ ਇਕੱਠਾ ਹੋਇਆ। ਜਲੂਸ ਨੂੰ ਬੰਗਾਲ ਦੇ ਪ੍ਰਧਾਨ ਮੰਤਰੀ ਸੋਹਰਾਵ ਵਰਦੀ ਦੀ ਬੇਨਤੀ ਤੇ ਉਹਨਾਂ ਦੇ ਨਿਵਾਸ ਸਥਾਨ 40 ਨੰ: ਥੀਏਟਰ ਰੋਡ ਵਿਚ ਕੁਝ ਸਮੇਂ ਦੇ ਲਈ ਰੋਕਿਆ ਗਿਆ। ਤਿਲਜਲਾ ਚਮੜਾ ਉਦਯੋਗ ਨਾਲ ਜੁੜੇ ਪੰਜਾਬੀ ਸਿੱਖ ਤਲਵਾਰ ਲੈ ਕੇ ਜਲੂਸ ਵਿਚ ਸ਼ਾਮਲ ਹੋਏ। ਇਸ ਤਰ੍ਹਾਂ ਬਹੁਜਨ ਸਮਾਜ ਦੇ ਪ੍ਰਾਣ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਬਣ ਗਏ।

14 ਅਕਤੂਬਰ 1946 ਨੂੰ ਬੰਗਾਲ ਦੇ ਪ੍ਰਧਾਨ ਮੰਤਰੀ ਸੋਹਰਾਵ ਵਰਦੀ ਆਪਣੇ ਨਿੱਜੀ ਸਕੱਤਰ ਅਸਗਰ ਅਲੀ ਸਾਈ (ਆਈ. ਸੀ. ਐਸ.) ਨੂੰ ਯੋਗੇਂਦਰਨਾਥ ਮੰਡਲ ਦੇ ਨਿਵਾਸ ਸਥਾਨ 3 ਕਪੂਰ ਸਟ੍ਰੀਟ ਕਲਕੱਤਾ ਭੇਜਿਆ। ਉਹਨਾਂ ਦੇ ਨਿੱਜੀ ਸਕੱਤਰ ਨੇ ਕਿਹਾ ਕਿ ਤੁਹਾਨੂੰ ਬੰਗਾਲ ਦੇ ਪ੍ਰਧਾਨ ਮੰਤਰੀ ਨੇ ਇਸੇ ਵਕਤ ਬੁਲਾਇਆ ਹੈ ਤਾਂ ਮਹਾਂਪ੍ਰਾਣ ਨੇ ਸੱਦੇ ਦਾ ਕਾਰਨ ਜਾਣਨਾ ਚਾਹਿਆ ਤਾਂ ਉਹਨਾਂ ਨੇ ਇਕ ਕਾਗਜ਼ ਦਿਖਾਇਆ, ਜਿਸ ਤੇ ਲਿਖਿਆ ਸੀ ਕਿ ਤੁਸੀਂ ਕੇਂਦਰੀ ਮੰਤਰੀ ਮੰਡਲ ਵਿਚ ਜਾਣਾ ਚਾਹੁੰਦੇ ਹੋ ਜਾਂ ਨਹੀਂ। ਫਿਰ ਯੋਗੇਂਦਰਨਾਥ ਮੰਡਲ ਬੰਗਾਲ ਦੇ ਪ੍ਰਧਾਨ ਮੰਤਰੀ ਸੋਹਰਾਵ ਵਰਦੀ ਨੂੰ ਮਿਲੇ ਅਤੇ ਉਹਨਾਂ ਦੀ ਸੋਹਰਾਵ ਨਾਲ ਰਾਈਟਰਜ਼ ਬਿਲਡਿੰਗ ਵਿਚ ਗੱਲਬਾਤ ਹੋਈ। ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਨੇ ਉਹਨਾਂ ਨੂੰ ਕਿਹਾ ਕਿ ਸਾਡਾ ਨੇਤਾ ਬਾਬਾ ਸਾਹਿਬ ਡਾ. ਅੰਬੇਦਕਰ ਹੈ। ਜੇਕਰ ਡਾ. ਅੰਬੇਦਕਰ ਸਹਿਮਤ ਨਹੀਂ ਹੋਣਗੇ ਤਾਂ ਮੈਂ ਮੰਤਰੀ ਦਾ ਅਹੁਦਾ ਤਿਆਗ ਦਿਆਂਗਾ। ਉਸ ਵਕਤ ਬਾਬਾ ਸਾਹਿਬ ਅੰਬੇਦਕਰ ਲੰਡਨ ਵਿਚ ਸਨ। ਸੋਹਰਾਵ ਵਰਦੀ ਨੇ ਉਹਨਾਂ ਦੀ ਇਹ ਸ਼ਰਤ ਮੰਨ ਲਈ ਅਤੇ ਮੰਤਰੀ ਮੰਡੀ ਦੀ ਸੂਚੀ ਦਿੱਲੀ ਭੇਜ ਦਿੱਤੀ।

ਬਾਬਾ ਸਾਹਿਬ ਡਾ. ਅੰਬੇਦਕਰ ਨੇ 29 ਅਕਤੂਬਰ 1946 ਨੂੰ ਮਿਸਟਰ ਜਾਦਵ ਨੂੰ ਇਕ ਪੱਤਰ ਲਿਖਿਆ- We must support Mr. Mandal and I have sent him a wair to that effect (Letter of Dr. B. R. Ambdekar on 29 Oct. 1946 to Mr. D. G. Jadav chairman People's Education Society Bombay.)

1 ਨਵੰਬਰ 1946 ਨੂੰ ਯੋਗੇਂਦਰਨਾਥ ਮੰਡਲ ਕਲਕੱਤਾ ਤੋਂ ਦਿੱਲੀ ਦੇ ਲਈ ਰਵਾਨਾ ਹੋਇਆ ਅਤੇ ਰਾਤ ਨੂੰ ਟ੍ਰੇਨ ਇਲਾਹਾਬਾਦ ਪਹੁੰਚੀ। ਹਜ਼ਾਰਾਂ ਦੀ ਗਿਣਤੀ ਵਿਚ ਰਾਤ ਨੂੰ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਦੇ ਸਵਾਗਤ ਦੇ ਲਈ ਖੜ੍ਹੇ ਸਨ। ਉਸ ਤੋਂ ਬਾਅਦ 2 ਨਵੰਬਰ 1946 ਨੂੰ ਦੁਪਹਿਰੇ ਟ੍ਰੇਨ ਅਲੀਗੜ੍ਹ ਪਹੁੰਚੀ। ਅਲੀਗੜ੍ਹ ਸਟੇਸ਼ਨ ਤੇ ਵੀ ਆਪਣੇ ਨੇਤਾ ਦੇ ਸਵਾਗਤ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਮੜ ਪਏ। ਮਹਾਂਪ੍ਰਾਣ ਚਿੰਤਾ ਵਿਚ ਪੈ ਗਏ ਕਿ ਕਿਤੇ ਭੀੜ ਵਿਚ ਦੱਬ ਕੇ ਨਾ ਰਹਿ ਜਾਈਏ। ਜਦੋਂ ਟ੍ਰੇਨ ਸ਼ਾਮ ਨੂੰ ਦਿੱਲੀ ਪਹੁੰਚੀ ਤਾਂ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਦੇ ਸਵਾਗਤ ਵਿਚ ਵੱਡੀ ਗਿਣਤੀ 'ਚ ਲੋਕ ਬੈਂਡ ਪਾਰਟੀ ਦੇ ਨਾਲ ਅੱਧੇ ਘੰਟੇ ਵਿਚ 5 ਨੰਬਰ ਮਾਨਸਿੰਗ ਰੋਡ ਭਾਵਨਗਰ ਮਹਾਰਾਜ ਪ੍ਰਸਾਦ ਤੇ ਪਹੁੰਚੇ। 5 ਨਵੰਬਰ 1946 ਨੂੰ ਉਹਨਾਂ ਨੇ ਕਾਨੂੰਨ ਮੰਤਰੀ ਦੇ ਰੂਪ ਵਿਚ ਸਹੁੰ ਚੁੱਕੀ। ਉਹਨਾਂ ਦੇ ਨਿੱਜੀ ਸਕੱਤਰ ਦਾ ਨਾਂ ਸ੍ਰੀ ਰਾਮਚੰਦਰਨ ਸੀ। 15 ਨਵੰਬਰ 1946 ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਨੇ ਯੋਗੇਂਦਰਨਾਥ ਮੰਡਲ ਨੂੰ ਬੰਬਈ ਬੁਲਾਇਆ। 20 ਨਵੰਬਰ 1946 ਨੂੰ ਕਾਨੂੰਨ ਮੰਤਰੀ ਯੋਗੇਂਦਰਨਾਥ ਮੰਡਲ ਬੰਬਈ ਪਹੁੰਚੇ। ਹਜ਼ਾਰਾਂ ਲੋਕਾਂ ਦੀ ਭੀੜ ਦੇ ਨਾਲ ਬਾਬਾ ਸਾਹਿਬ ਅੰਬੇਦਕਰ ਨੇ ਉਹਨਾਂ ਦਾ ਸਵਾਗਤ ਕੀਤਾ। ਬਾਬਾ ਸਾਹਿਬ ਅੰਬੇਦਕਰ ਨੂੰ ਚੁਣ ਕੇ ਜਿਹਨਾਂ ਲੋਕਾਂ ਦੇ ਸਹਿਯੋਗ ਨਾਲ ਭੇਜਿਆ ਗਿਆ ਸੀ, ਉਹਨਾਂ ਲੋਕਾਂ ਨੂੰ ਦੇਸ਼ ਦੀ ਵੰਡ ਹੋਈ ਪਰ ਪਾਕਿਸਤਾਨ ਵਿਚ ਕਰ ਦਿੱਤਾ ਗਿਆ। ਅਤੇ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਆਪਣੇ ਲੋਕਾਂ ਨੂੰ ਪਾਕਿਸਤਾਨ ਵਿਚ ਹੀ ਜਾਣ ਦੇ ਕਾਰਨ ਪਾਕਿਸਤਾਨ ਚਲੇ ਗਏ। ਯੋਗੇਂਦਰਨਾਥ ਮੰਡਲ ਮੰਤਰੀ ਬਣਾਏ ਗਏ ਪਰ ਆਪਣੇ ਲੋਕਾਂ ਦੀ ਸੁਰੱਖਿਆ ਨਾ ਕਰ ਸਕਣ ਦੇ ਕਾਰਨ 1950 ਵਿਚ ਭਾਰਤ ਚਲੇ ਆਏ। 8 ਅਕਤੂਬਰ 1950 ਨੂੰ ਮੰਤਰੀ ਦਾ ਅਹੁਦਾ ਤਿਆਗ ਕੇ ਕਰਾਚੀ ਭੇਜ ਦਿੱਤਾ ਅਤੇ ਉਮਰ ਭਰ ਬਹੁਜਨ ਸਮਾਜ ਦੇ ਲਈ ਰਾਜਨੀਤੀ ਨਾਲ ਜੁੜੇ ਰਹੇ। ਉਹਨਾਂ ਦਾ ਬਾਕੀ ਜੀਵਨ ਆਰਥਿਕ ਤੰਗੀਆਂ ਵਿਚ ਬੀਤਿਆ। 5 ਅਕਤੂਬਰ 1968 ਨੂੰ ਬਹੁਜਨਾਂ ਦੇ ਪ੍ਰਾਣ ਮਹਾਂਪ੍ਰਾਣ ਯੋਗੇਂਦਰਨਾਥ ਮੰਡਲ ਸਾਡੇ ਲੋਕਾਂ ਨੂੰ ਛੱਡ ਕੇ ਚਲੇ ਗਏ।




**ਬਹੁਜਨ ਸੰਗਠਕ**
**(ਸਤੰਬਰ 7, 1999)**
**ਤੋਂ ਧੰਨਵਾਦ ਸਹਿਤ**
**ਅਨੁਵਾਦ-ਤਰਸੇਮ ਜਲੰਧਰੀ**

# ਨਾਲੰਦਾ ਯੂਨੀਵਰਸਿਟੀ ਨੂੰ ਕਿਉਂ ਸਾੜਿਆ ਗਿਆ ਸੀ?

ਇਕ ਸਨਕੀ ਅਤੇ ਚਿੜਚਿੜੇ ਸੁਭਾਅ ਵਾਲਾ ਤੁਰਕ ਲੁਟੇਰਾ ਸੀ ਬਖ਼ਤਿਆਰ ਖ਼ਿਲਜੀ। ਇਸਨੇ 1177 ਵਿਚ ਇਸਨੂੰ ਸਾੜ ਕੇ ਪੂਰਨ ਤੌਰ ਤੇ ਨਸ਼ਟ ਕਰ ਦਿੱਤਾ। ਉਸਨੇ ਭਾਰਤ ਵਿਚ ਬੋਧੀਆਂ ਦੁਆਰਾ ਸਥਾਪਤ ਕੁਝ ਖੇਤਰਾਂ ਤੇ ਕਬਜ਼ਾ ਕਰ ਲਿਆ ਸੀ। ਇਕ ਵਾਰ ਉਹ ਬਹੁਤ ਬਿਮਾਰ ਹੋਇਆ, ਉਸਦੇ ਹਕੀਮਾਂ ਨੇ ਉਸਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਠੀਕ ਨਹੀਂ ਹੋ ਸਕਿਆ, ਕਿਸੇ ਨੇ ਉਸਨੂੰ ਸਲਾਹ ਦਿੱਤੀ। ਨਾਲੰਦਾ ਯੂਨੀਵਰਸਿਟੀ ਦੇ ਆਯੁਰਵੈਦਿਕ ਵਿਭਾਗ ਦੇ ਪ੍ਰਮੁੱਖ ਅਚਾਰੀਆ ਰਾਹੁਲ ਸ਼੍ਰੀਭਦ੍ਰ ਜੀ ਨੂੰ ਬੁਲਾਇਆ ਜਾਵੇ ਅਤੇ ਉਹਨਾਂ ਤੋਂ ਭਾਰਤੀ ਵਿਧੀਆਂ ਨਾਲ ਇਲਾਜ ਕਰਵਾਇਆ ਜਾਵੇ, ਉਸਨੂੰ ਇਹ ਸਲਾਹ ਪਸੰਦ ਨਹੀਂ ਸੀ ਕਿ ਕੋਈ ਭਾਰਤੀ ਵੈਦ ਉਸਦੇ ਹਕੀਮਾਂ ਤੋਂ ਉਤਮ ਗਿਆਨ ਰੱਖਦੇ ਹੋਣ ਅਤੇ ਉਹ ਕਿਸੇ ਕਾਫਰ ਤੋਂ ਉਸਦਾ ਇਲਾਜ ਕਰਵਾਏ, ਫਿਰ ਵੀ ਉਸਨੂੰ ਆਪਣੀ ਜਾਨ ਬਚਾਉਣ ਦੇ ਲਈ ਉਹਨਾਂ ਨੂੰ ਬੁਲਾਉਣਾ ਪਿਆ। ਉਸਨੇ ਵੈਦਰਾਜ ਦੇ ਸਾਹਮਣੇ ਸ਼ਰਤ ਰੱਖੀ। ਮੈਂ ਤੁਹਾਡੀ ਦਿੱਤੀ ਹੋਈ ਕੋਈ ਦਵਾਈ ਨਹੀਂ ਖਾਵਾਂਗਾ, ਕਿਸੇ ਵੀ ਤਰ੍ਹਾਂ ਮੈਨੂੰ ਠੀਕ ਕਰ ਦਿਓ, ਵਰਨਾ ਮਰਨ ਦੇ ਲਈ ਤਿਆਰ ਰਹੋ। ਵਿਚਾਰੇ ਵੈਦਰਾਜ ਨੂੰ ਨੀਂਦ ਨਹੀਂ ਆਈ, ਬਹੁਤ ਉਪਾਅ ਸੋਚਿਆ। ਅਗਲੇ ਦਿਨ ਉਸ ਸਨਕੀ ਦੇ ਕੋਲ ਕੁਰਾਨ ਲੈ ਕੇ ਚਲੇ ਗਏ। ਕਿਹਾ ਇਸ ਕੁਰਾਨ ਦੇ ਪੇਜ ਨੰਬਰ ਇੰਨੇ ਤੋਂ ਇੰਨੇ ਤੱਕ ਪੜ੍ਹ ਲਓ, ਠੀਕ ਹੋ ਜਾਣਗੇ। ਉਸਨੇ ਪੜ੍ਹਿਆ ਅਤੇ ਠੀਕ ਹੋ ਗਿਆ।ਉਸਨੂੰ ਬੜੀ ਝੁੰਜਲਾਹਟ ਹੋਈ, ਉਸਨੂੰ ਖੁਸ਼ੀ ਨਹੀਂ ਹੋਈ, ਉਸਨੂੰ ਬਹੁਤ ਗੁੱਸਾ ਆਇਆ ਕਿ ਉਸਦੇ ਮੁਸਲਮਾਨ ਹਕੀਮਾਂ ਤੋਂ ਇਹਨਾਂ ਭਾਰਤੀ ਵੈਦਾਂ ਨੂੰ ਗਿਆਨ ਜ਼ਿਆਦਾ ਹੈ।

ਬੋਧ ਧਰਮ ਅਤੇ ਆਯੁਰਵੇਦ ਦਾ ਅਹਿਸਾਨ ਮੰਨਣ ਦੇ ਬਦਲੇ, ਉਹਨਾਂ ਨੂੰ ਇਨਾਮ ਦੇਣਾ ਤਾਂ ਦੂਰ, ਉਸਨੇ ਨਾਲੰਦਾ ਯੂਨੀਵਰਸਿਟੀ ਵਿਚ ਹੀ ਅੱਗ ਲਗਵਾ ਦਿੱਤੀ। ਲਾਇਬ੍ਰੇਰੀਆਂ ਨੂੰ ਹੀ ਸਾੜ ਕੇ ਰੱਖ ਦਿੱਤਾ।

ਉਥੇ ਇੰਨੀਆਂ ਪੁਸਤਕਾਂ ਸਨ ਕਿ ਅੱਗ ਲੱਗੀ ਵੀ ਤਾਂ ਤਿੰਨ ਮਹੀਨੇ ਤੱਕ ਪੁਸਤਕਾਂ ਸੜਦੀਆਂ ਰਹੀਆਂ। ਉਸਨੇ ਅਨੇਕਾਂ ਧਾਰਮਿਕ ਅਤੇ ਬੋਧੀ ਭਿਖਸ਼ੂਆਂ ਨੂੰ ਮਾਰ ਦਿੱਤਾ। ਅੱਜ ਵੀ ਬੇਸ਼ਰਮ ਸਰਕਾਰਾਂ ਉਸ ਨਲਾਇਕ ਬਖ਼ਤਿਆਰ ਖ਼ਿਲਜੀ ਦੇ ਨਾਂ ਤੇ ਰੇਲਵੇ ਸਟੇਸ਼ਨ ਬਣਾ ਰਹੀਆਂ ਹਨ।

ਉਖਾੜ ਸੁੱਟੇ ਗਏ ਇਹਨਾਂ ਅਪਮਾਨ ਜਨਕ ਨਾਵਾਂ ਨੂੰ ਮੈਂ ਇਹ ਤਾਂ ਦੱਸਿਆ ਹੀ ਨਹੀਂ, ਕੁਰਾਨ ਪੜ੍ਹ ਕੇ ਉਹ ਠੀਕ ਕਿਵੇਂ ਹੋਇਆ ਸੀ। ਅਸੀਂ ਹਿੰਦੂ ਕਿਸੇ ਵੀ ਧਰਮ ਗ੍ਰੰਥ ਨੂੰ ਜ਼ਮੀਨ ਤੇ ਰੱਖ ਕੇ ਨਹੀਂ ਪੜ੍ਹਦੇ।ਥੁੱਕ ਲਗਾ ਕੇ ਉਸਦੇ ਪੇਜ ਨਹੀਂ ਪਲਟਦੇ, ਮੀਆਂ ਠੀਕ ਉਲਟਾ ਕਰਦੇ ਹਨ। ਕੁਰਾਨ ਦੇ ਹਰ ਪੇਜ ਨੂੰ ਥੁੱਕ ਲਗਾ ਕੇ ਪਲਟਦੇ ਹਨ। ਉਸਨੇ ਅਨੇਕਾਂ ਧਾਰਮਿਕ ਅਤੇ ਬੋਧੀ ਭਿਕਸ਼ੂ ਮਾਰ ਦਿੱਤੇ।ਵੈਦਰਾਜ ਰਾਹੁਲ ਸ਼੍ਰੀਭਦਰ ਜੀ ਨੇ ਕੁਰਾਨ ਦੇ ਕੁਝ ਪੇਜਾਂ ਦੇ ਕੋਨੇ ਤੇ ਇਕ ਦਵਾਈ ਦਾ ਅਦ੍ਰਿਸ਼ ਲੇਪ ਲਗਾ ਦਿੱਤਾ ਸੀ। ਉਹ ਥੁੱਕ ਦੇ ਨਾਲ ਕੇਵਲ ਦਸ ਵੀਹ ਪੇਜ ਚੱਟ ਗਿਆ, ਠੀਕ ਹੋ ਗਿਆ ਅਤੇ ਉਸਨੇ ਇਸ ਅਹਿਸਾਨ ਦਾ ਬਦਲਾ ਨਾਲੰਦਾ ਨੂੰ ਨੇਸਤੋਨਾਬੂਦ ਕਰਕੇ ਦਿੱਤਾ। ਆਓ ਹੁਣ ਥੋੜ੍ਹਾ ਨਾਲੰਦਾ ਦੇ ਬਾਰੇ ਹੀ ਜਾਣ ਲੈਂਦੇ ਹਾਂ।

ਇਹ ਪ੍ਰਾਚੀਨ ਭਾਰਤ ਵਿਚ ਉੱਚ ਸਿੱਖਿਆ ਦਾ ਸਭ ਤੋਂ ਮਹੱਤਵਪੂਰਨ ਅਤੇ ਪ੍ਰਸਿੱਧ ਕੇਂਦਰ ਸੀ। ਮਹਾਂਯਾਨ ਬੋਧ ਧਰਮ ਦੇ ਇਸ ਸਿੱਖਿਆ ਕੇਂਦਰ ਵਿਚ ਹੀਨਯਾਨ ਬੋਧ ਧਰਮ ਦੇ ਨਾਲ ਹੀ ਹੋਰ ਧਰਮਾਂ ਦੇ ਅਤੇ ਅਨੇਕਾਂ ਦੇਸ਼ਾਂ ਦੇ ਵਿਦਿਆਰਥੀ ਪੜ੍ਹਦੇ ਸਨ। ਵਰਤਮਾਨ ਬਿਹਾਰ ਰਾਜ ਵਿਚ ਪਟਨਾ ਤੋਂ 88.5 ਕਿਲੋਮੀਟਰ ਦੱਖਣ-ਪੂਰਬ ਅਤੇ ਰਾਜਗੀਰ ਤੋਂ 11.5 ਕਿਲੋਮੀਟਰ ਉਤਰ ਵਿਚ ਇਕ ਪਿੰਡ ਦੇ ਕੋਲ ਅਲੈਕਜੈਂਡਰ ਕਨਿ-ਘਮ ਦੁਆਰਾ ਖੋਜੇ ਗਈ ਇਸ ਮਹਾਨ ਬੋਧੀ ਯੂਨੀਵਰਸਿਟੀ ਦੇ ਪ੍ਰਾਚੀਨ ਸੁਹੱਪਣ ਦਾ ਬਹੁਤ ਕੁਝ ਅੰਦਾਜ਼ਾ ਲਗਾ ਦਿੰਦੇ ਹਨ। ਅਨੇਕਾਂ ਪੁਰਾਲੇਖਾਂ ਅਤੇ ਸੱਤਵੀਂ ਸਦੀ ਵਿਚ ਭਾਰਤ ਦੌਰੇ ਦੇ ਲਈ ਆਏ ਚੀਨੀ ਯਾਤਰੀ ਹਿਊਨਸਾਂਗ ਅਤੇ ਇਮਸਿੰਗ ਦੇ ਯਾਤਰਾ ਵੇਰਵਿਆਂ ਕਾਰਨ ਇਸ ਯੂਨੀਵਰਸਿਟੀ ਦੇ ਬਾਰੇ ਵਿਸਥਾਰ ਵਿਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਨੇ 7ਵੀਂ ਸਦੀ ਵਿਚ ਇੱਥੇ ਜੀਵਨ ਦਾ ਮਹੱਤਵਪੂਰਨ ਇਕ ਸਾਲ ਇਕ ਵਿਦਿਆਰਥੀ ਅਤੇ ਇਕ ਅਧਿਆਪਕ ਦੇ ਰੂਪ ਵਿਚ ਬਤੀਤ ਕੀਤਾ ਸੀ। ਪ੍ਰਸਿੱਧ ਬੋਧੀ ਸਾਰਿਪੁੱਤਰ ਦਾ ਜਨਮ ਇੱਥੇ ਹੀ ਹੋਇਆ ਸੀ। ਸਥਾਪਨਾ ਅਤੇ ਸੰਭਾਲ ਇਸ ਯੂਨੀਵਰਸਿਟੀ ਦੀ ਸਥਾਪਨਾ ਦਾ ਸਿਹਰਾ ਗੁਪਤ ਸ਼ਾਸਕ ਕੁਮਾਰ ਗੁਪਤ ਪਹਿਲੇ ਨੂੰ ਪ੍ਰਾਪਤ ਹੈ। ਇਸ ਯੂਨੀਵਰਸਿਟੀ ਨੂੰ ਕੁਮਾਰ ਗੁਪਤ ਦੇ ਉਤਰ-ਾਧਿਕਾਰੀਆਂ ਦਾ ਪੂਰਾ ਸਹਿਯੋਗ ਮਿਲਿਆ। ਗੁਪਤ ਵੰਸ਼ ਦੇ ਪਤਨ ਤੋਂ ਬਾਅਦ ਵੀ ਆਉਣ ਵਾਲੇ ਸਾਰੇ ਸ਼ਾਸਕ ਵੰਸ਼ਾਂ ਨੇ ਇਸਦੀ ਖੁਸ਼ਹਾਲੀ ਵਿਚ ਆਪਣਾ ਯੋਗਦਾਨ ਜਾਰੀ ਰੱਖਿਆ। ਇਸਨੂੰ ਮਹਾਨ ਸਮਰਾਟ ਹਰਸ਼ਵਰਧਨ ਅਤੇ ਪਾਲ ਸ਼ਾਸਕਾਂ ਨੇ ਵੀ ਮਦਦ ਕੀਤੀ। ਸਥਾਨਕ ਸ਼ਾਸਕਾਂ ਅਤੇ ਭਾਰਤ ਦੇ ਵੱਖ ਵੱਖ ਖੇਤਰਾਂ ਦੇ ਨਾਲ ਹੀ ਇਸਨੂੰ ਅਨੇਕਾਂ ਵਿਦੇਸ਼ੀ ਸ਼ਾਸਕਾਂ ਤੋਂ ਵੀ ਮਦਦ ਮਿਲੀ। ਇਹ ਵਿਸ਼ਵ ਦਾ ਪਹਿਲਾ ਪੂਰਨ ਤੌਰ ਤੇ ਹੋਸਟਲਾਂ ਵਾਲਾ ਯੂਨੀਵਰਸਿਟੀ ਕੰਪਲੈਕਸ ਸੀ। ਵਿਕਸਤ ਸਥਿਤੀ ਵਿਚ ਇਸ ਵਿਚ ਵਿਦਿਆਰਥੀਆਂ ਦੀ ਗਿਣਤੀ ਕਰੀਬ 10,000 ਅਤੇ ਅਧਿਆਪਕਾਂ ਦੀ ਗਿਣਤੀ 2000 ਸੀ।

ਇਸ ਯੂਨੀਵਰਸਿਟੀ ਵਿਚ ਭਾਰਤ ਦੇ ਵੱਖ ਵੱਖ ਖੇਤਰਾਂ ਤੋਂ ਹੀ ਨਹੀਂ ਬਲਕਿ ਕੋਰੀਆ, ਜਾਪਾਨ, ਚੀਨ, ਤਿੱਬਤ, ਇੰਡੋਨੇਸ਼ੀਆ, ਫਾਰਸ ਅਤੇ ਤੁਰਕੀ ਤੋਂ ਵੀ ਵਿਦਿਆਰਥੀ ਸਿੱਖਿਆ ਗ੍ਰਹਿਣ ਕਰਨ ਆਉਂਦੇ ਸਨ। ਨਾਲੰਦਾ ਦੇ ਪ੍ਰਮੁੱਖ ਸਿੱਖਿਆ ਪ੍ਰਾਪਤ ਗ੍ਰੈਜੂਏਟ ਬਾਹਰ ਜਾ ਕੇ ਬੋਧੀ ਧਰਮ ਦਾ ਪ੍ਰਚਾਰ ਕਰਦੇ ਸਨ। ਨਾਲੰਦਾ ਦੇ ਪ੍ਰਮੁੱਖ ਸਿੱਖਿਆ ਪ੍ਰਾਪਤ ਗ੍ਰੈਜੂਏਟ ਬਾਹਰ ਜਾ ਕੇ ਬੋਧੀ ਧਰਮ ਦਾ ਪ੍ਰਚਾਰ ਕਰਦੇ ਸਨ। ਇਸ ਯੂਨੀਵਰਸਿਟੀ ਦੀ ਨੌਂਵੀਂ ਸਦੀ ਤੋਂ ਬਾਰਵੀਂ ਸਦੀ ਤੱਕ ਅੰਤਰ ਰਾਸ਼ਟਰੀ ਪ੍ਰਸਿੱਧੀ ਰਹੀ ਸੀ। ਅਤਿਅੰਤ ਯੋਜਨਾਬੱਧ ਢੰਗ ਨਾਲ ਅਤੇ ਵਿਸਥਾਰਿਤ ਖੇਤਰ ਵਿਚ ਬਣੀ ਹੋਈ ਇਸ ਯੂਨੀਵਰਸਿਟੀ ਸਥਾਪਤ ਕਲਾ ਦਾ ਅਦਭੁਤ ਨਮੂਨਾ ਸੀ।ਨਾਲੰਦਾ ਵਿਚ ਵਿਦਿਆਰਥੀਆਂ, ਅਧਿਆਪਕਾਂ ਦੇ ਲਈ ਵਿਸ਼ਾਲ ਲਾਇਬ੍ਰੇਰੀ ਸੀ, ਜਿਸ ਵਿਚ 3 ਲੱਖ ਤੋਂ ਜ਼ਿਆਦਾ ਪੁਸਤਕਾਂ ਦਾ ਸੰਗ੍ਰਹਿ ਸੀ। ਇਹਨਾਂ ਵਿਚੋਂ ਅਨੇਕ ਪੁਸਤਕਾਂ ਦੀਆਂ ਕਾਪੀਆਂ ਚੀਨੀ ਯਾਤਰੀ ਆਪਣੇ ਨਾਲ ਲੈ ਗਏ ਸਨ।

**ਅਨੁਵਾਦ-ਤਰਸੇਮ ਜਲੰਧਰੀ**

# ਸਿੱਖਾਂ ਨੇ ਮੋਦੀ ਖਿਲਾਫ ਸ਼ੁਰੂ ਕੀਤੀ ਮੁਹਿਮ

ਵਾਸ਼ਿੰਗਟਨ—ਕਾਂਗਰਸੀ ਨੇਤਾਵਾਂ ਸੋਨੀਆ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਖਿਲਾਫ ਮੁਹਿੰਮ ਚਲਾ ਚੁੱਕੇ ਨਿਊਯਾਰਕ ਦੇ ਸਿੱਖ ਮਨੁੱਖੀ ਅਧਿਕਾਰ ਸੰਗਠਨ ਨੇ ਹੁਣ ਪ੍ਰਧਾਨ ਮੰਤਰੀ ਮੋਦੀ ਦੇ ਖਿਲਾਫ ਇਕ ਆਨਲਾਈਨ ਮੁਹਿੰਮ ਸ਼ੁਰੂ ਕਰ ਦਿੱਤੀ ਹੈ, ਜਿਸ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਕੋਲੋਂ ਗੁਜਰਾਤ 2002 ਵਿਚ ਹੋਏ ਫਿਰਕੂ ਦੰਗਿਆਂ ਦੇ ਸੰਦਰਭ ਵਿਚ ਮੋਦੀ ਨੂੰ ਭੇਜਿਆ ਸੱਦਾ ਰੱਦ ਕਰਨ ਦੀ ਮੰਗ ਕੀਤੀ ਗਈ ਹੈ।



ਸਿੱਖ ਸੰਗਠਨ 'ਸਿੱਖ ਫਾਰ ਜਸਟਿਸ' ਵੱਲੋਂ ਸ਼ੁਰੂ ਇਸ ਆਨਲਾਈਨ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 'ਵ੍ਹਾਈਟ ਹਾਊਸ ਵਿਚ ਮੋਦੀ ਦੀ ਮੇਜ਼ਬਾਨੀ ਕਰਨ ਦੀ ਥਾਂ, ਰਾਸ਼ਟਰਪਤੀ ਓਬਾਮਾ ਨੂੰ ਮੋਦੀ ਦੀ ਨਿੰਦਾ ਕਰਨੀ ਚਾਹੀਦੀ ਹੈ ਅਤੇ ਮੁਸਲਮਾਨਾਂ, ਸਿੱਖਾਂ ਅਤੇ ਈਸਾਈਆਂ ਦੇ ਖਿਲਾਫ ਹਿੰਸਾ ਦੇ ਲਈ ਭਾਜਪਾ 'ਤੇ ਬੈਨ ਲਗਾਇਆ ਜਾਣਾ ਚਾਹੀਦਾ ਹੈ।

ਓਬਾਮਾ ਨੇ 30 ਸਤੰਬਰ ਨੂੰ ਵ੍ਹਾਈਟ ਹਾਊਸ ਵਿਚ ਬੈਠਕ ਦੇ ਲਈ ਮੋਦੀ ਨੂੰ ਅਮਰੀਕਾ ਬੁਲਾਇਆ ਹੈ। ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਹੈ, "ਜੂਨ 1984 ਵਿਚ ਭਾਜਪਾ ਨੇ ਹਰਿਮੰਦਰ ਸਾਹਿਬ ਵਿਚ ਫੌਜੀ ਹਮਲੇ ਲਈ ਉਕਸਾਇਆ ਸੀ, ਜਿਸ ਨਾਲ ਹਜ਼ਾਰਾਂ ਸਿੱਖ ਸ਼ਰਧਾਲੂਆਂ ਦਾ ਕਤਲੇਆਮ ਹੋਇਆ ਸੀ। ਸਾਲ 2008 ਵਿਚ ਭਾਜਪਾ ਨੇ ਓਡਿਸ਼ਾ ਵਿਚ ਈਸਾਈਆਂ ਦੇ ਖਿਲਾਫ ਹਿੰਸਾ ਦੀ ਸਾਜ਼ਿਸ਼ ਰਚੀ।

ਇਸ ਪਟੀਸ਼ਨ 'ਤੇ 20 ਅਗਸਤ ਤੱਕ ਘੱਟ ਤੋਂ ਘੱਟ ਇਕ ਲੱਖ ਹਸਤਾਖਰਾਂ ਦੀ ਲੋੜ ਹੋਵੇਗੀ ਤਾਂ ਜੋ ਵ੍ਹਾਈਟ ਹਾਊਸ ਇਸ 'ਤੇ ਧਿਆਨ ਦੇਵੇ। ਪਹਿਲੇ ਦਿਨ ਇਸ 'ਤੇ ਦੋ ਦਰਜਨ ਤੋਂ ਵੀ ਘੱਟ ਲੋਕਾਂ ਨੇ ਹਸਤਾਖਰ ਕੀਤੇ।

ਇਸ ਤੋਂ ਪਹਿਲਾਂ ਸਿੱਖ ਸੰਗਠਨ ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਸੰਬੰਧ ਵਿਚ ਸੋਨੀਆ ਗਾਂਧੀ ਅਤੇ ਮਨਮੋਹਨ ਸਿੰਘ ਦੇ ਖਿਲਾਫ ਮੁਹਿੰਮ ਚਲਾ ਚੁੱਕਾ ਹੈ।

# ਭਾਰਤ ਦੀ ਅਜ਼ਾਦੀ ਤੇ ਭਵਿੱਖ ਬਾਰੇ ਡਾਕਟਰ ਅੰਬੇਡਕਰ ਦੀ ਚਿਤਾਵਨੀ ਸੱਚ ਸਾਬਤ ਹੋਈ



ਐਸ. ਐਲ. ਵਿਰਦੀ ਐਡਵੋਕੇਟ
98145-17499

ਤਿੰਲਗਾਨਾ ਦੇ ਮੁੱਦੇ ਨੇ ਦੇਸ਼ ਵਿਚ ਤਹਿਲਕਾ ਮਚਾ ਦਿੱਤਾ ਹੈ। ਅਲੱਗ ਗੋਰਖਾਲੈਂਡ ਲਈ ਅੰਦੋਲਨ ਭੜਕ ਪਿਆ ਹੈ। ਬੋਡੋਲੈਂਡ ਵਾਲੇ ਵੀ ਅੰਗੜਾਈ ਲੈ ਰਹੇ ਹਨ। ਮਹਾਂਰਾਸ਼ਟਰ ਵਿਚ ਵਿਧਰਭ ਦੀ ਬੁਝਾਰਤ ਪੈ ਗਈ ਹੈ। ਹਰਿਤ ਪ੍ਰਦੇਸ਼, ਪੂਰਵ ਆਨਚਲ, ਬੁਧੇਲਖੰਡ ਨਾਲ ਯੂ. ਪੀ. ਦੇ ਚਾਰ ਟੋਟੇ ਕਰਨ ਲਈ ਸਾਜ਼ਿਸ਼ ਰਚੀ ਜਾ ਰਹੀ ਹੈ। ਰਾਜਸਥਾਨ ਤੇ ਗੁਜਰਾਤ 'ਚ ਸੁਰਾਸ਼ਟਰ ਦੀ ਅੱਗ ਸੁਲਘ ਰਹੀ ਹੈ। ਲਾ ਪਾ ਕੇ ਭਾਰਤ ਦੇ 50 ਟੋਟੇ ਕਰਨ ਲਈ ਧੂਣੀ ਧੁਖ ਰਹੀ ਹੈ। ਦੇਸ਼ ਵਿਚ ਫ਼ਿਰਕਾਪ੍ਰਸਤੀ, ਜਾਤ ਪਾਤ ਤੇ ਇਲਾਕਾਵਾਦ ਦਾ ਰੁਝਾਨ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਉਪਰੋਂ ਚੀਨ ਤੇ ਪਾਕਿਸਥਾਨ, ਦੇਸ਼ ਦੀਆਂ ਸਰਹੱਦਾਂ 'ਤੇ ਬਾਰ ਬਾਰ ਅਤੰਕ ਮਚਾ ਰਹੇ ਹਨ। ਉਪਰੋਕਤ ਸਭ ਦੇਖ ਕੇ 'ਦੇਸ਼ ਦੀ ਅਜ਼ਾਦੀ ਤੇ ਭਵਿੱਖ ਬਾਰੇ, 25 ਨੰਵਬਰ 1949 ਨੂੰ ਭਾਰਤੀ ਸੰਵਿਧਾਨ ਨੂੰ ਪਾਸ ਕਰਾਉਣ ਸਮੇਂ, ਡਾਕਟਰ ਅੰ-ਬੇਡਕਰ ਵਲੋਂ ਸੰਵਿਧਾਨ ਸਭਾ ਨੂੰ ਦਿੱਤੀ ਗਈ ਚਿੰਤਾਵਨੀ ਅੱਜ ਸੱਚ ਸਾਬਤ ਹੋਈ ਲੱਗਦੀ ਹੈ। ਉਹਨਾਂ ਚਿੰਤਾਵਨੀ ਦਿੰਦਿਆਂ ਕਿਹਾ ਸੀ;

"26 ਜਨਵਰੀ 1950 ਨੂੰ ਭਾਰਤ ਇਕ ਆਜ਼ਾਦ ਦੇਸ਼ ਹੋਵੇਗਾ। ਇਸ ਦੀ ਆਜ਼ਾਦੀ ਦਾ ਕੀ ਬਣੇਗਾ? ਕੀ ਭਾਰਤ ਆਪਣੀ ਆਜ਼ਾਦੀ ਨੂੰ ਕਾਇਮ ਰੱਖ ਸਕੇਗਾ ਜਾਂ ਇਸ ਨੂੰ ਦੋਬਾਰਾ ਖੋਹ ਦੇਵੇਗਾ? ਇਹ ਪਹਿਲਾ ਵਿਚਾਰ ਹੈ ਜੋ ਮੇਰੇ ਮਨ ਵਿਚ ਆਉਂਦਾ ਹੈ। ਇਹ ਗੱਲ ਤਾਂ ਨਹੀਂ ਕਿ ਭਾਰਤ ਕਦੀ ਵੀ ਆਜ਼ਾਦ ਨਹੀਂ ਸੀ। ਗੱਲ ਤਾਂ ਇਹ ਹੈ ਕਿ ਹਿੰਦੋਸਤਾਨ ਇਕ ਵਾਰ ਉਸ ਆਜ਼ਾਦੀ ਨੂੰ ਖੋਹ ਚੁੱਕਿਆ ਹੈ ਜੋ ਉਸ ਨੂੰ ਪ੍ਰਾਪਤ ਸੀ। ਕੀ ਦੂਜੀ ਵਾਰ ਵੀ ਇਹ ਆਜ਼ਾਦੀ ਨੂੰ ਖੋਹ ਦੇਵੇਗਾ? ਮੈਨੂੰ ਇਹ ਵਿਚਾਰ ਭਾਰਤ ਦੇ ਭਵਿੱਖ ਬਾਰੇ ਚਿੰਤਾ ਵਿਚ ਪਾ ਦਿੰਦਾ ਹੈ। ਮੈਨੂੰ ਇਹ ਗੱਲ ਪ੍ਰੇਸ਼ਾਨ ਕਰਦੀ ਹੈ ਕਿ ਭਾਰਤ ਨੇ ਨਾ ਕੇਵਲ ਇਸ ਤੋਂ ਪਹਿਲਾਂ ਆਜ਼ਾਦੀ ਖੋਈ ਸਗੋਂ ਉਸ ਨੇ ਆਜ਼ਾਦੀ ਨੂੰ ਆਪਣੇ ਹੀ ਕੁਝ ਲੋਕਾਂ ਦੀ ਬੇਵਫਾਈ ਦੇ ਕਾਰਨ ਖੋਹ ਦਿੱਤਾ। ਮੁਹੰਮਦ ਬਿਨ ਕਾਸਮ ਦੇ ਸਿੰਧ ਦੇ ਹਮਲੇ ਸਮੇਂ ਰਾਜਾ ਦਾਹਰ ਦੇ ਫੌਜੀ ਕਮਾਂਡਰਾਂ ਨੇ ਮੁਹੰਮਦ ਬਿਨ ਕਾਸਮ ਦੇ ਏਜੰਟਾਂ ਤੋਂ ਰਿਸ਼ਵਤਾਂ ਲੈ ਕੇ ਰਾਜਾ ਦਾਹਰ ਵਲੋਂ ਲੜਨ ਤੋਂ ਇਨਕਾਰ ਕਰ ਦਿੱਤਾ। ਜੈ ਚੰਦ ਨੇ ਮੁਹੰਮਦ ਗੋਰੀ ਨੂੰ ਭਾਰਤ 'ਤੇ ਹਮਲਾ ਕਰਨ ਦਾ ਸੱਦਾ ਦਿੱਤਾ ਅਤੇ ਪ੍ਰਿਥਵੀ ਰਾਜ ਵਿਰੁੱਧ ਯੁੱਧ ਵਿਚ ਸਹਾਇਤਾ ਕਰਨ ਅਤੇ ਸੋਲੰਕੀ ਰਾਜਿਆਂ ਦੀ ਮਦਦ ਦਿਲਵਾਉਣ ਦਾ ਵਾਅਦਾ ਕੀਤਾ। ਜਦ ਸ਼ਿਵਾ ਜੀ ਹਿੰਦੂਆਂ ਨੂੰ ਆਜ਼ਾਦ ਕਰਵਾਉਣ ਲਈ ਲੜ ਰਹੇ ਸਨ ਤਾਂ ਦੂਜੇ ਮਰਹੱਟੇ ਰਈਸ ਅਤੇ ਰਜਵਾੜੇ ਲੜਾਈ ਵਿਚ ਮੁਗਲਾਂ ਦਾ ਸਾਥ ਦੇ ਰਹੇ ਸਨ। ਜਦੋਂ ਮੁਗਲ ਰਾਜੇ ਸਿੱਖ ਹਾਕਮਾਂ ਨੂੰ ਤਬਾਹ ਕਰਨ ਦਾ ਯਤਨ ਕਰ ਰਹੇ ਸਨ ਤਾਂ ਉਨ੍ਹਾਂ ਦਾ ਵੱਡਾ ਕਮਾਂਡਰ ਗੁਲਾਬ ਚੰਦ ਚੁੱਪ ਚੁਪੀਤੀ ਬੈਠਾ ਸੀ ਅਤੇ ਉਸ ਨੇ ਸਿੱਖ ਰਾਜ ਨੂੰ ਬਚਾਉਣ ਲਈ ਕੋਸ਼ਿਸ਼ ਨਾ ਕੀਤੀ। 1857 ਈ. ਵਿਚ ਜਦ ਦੇਸ਼ ਦੇ ਵੱਡੇ ਭਾਗ ਨੇ ਅੰਗਰੇਜ਼ਾਂ ਵਿਰੁੱਧ ਜੰਗੇ ਆਜ਼ਾਦੀ ਦਾ ਐਲਾਨ ਕੀਤਾ ਹੋਇਆ ਸੀ ਉਦੋਂ ਵੀ ਕਈ ਫਿਰਕੇ ਚੁੱਪ-ਚਾਪ ਖੜੇ ਮੂਕ ਦਰਸ਼ਕ ਬਣਕੇ ਦੇਖਦੇ ਰਹੇ।

ਕੀ ਇਤਿਹਾਸ ਖੁਦ ਨੂੰ ਦੋਹਰਾਏਗਾ? ਇਹ ਖਿਆਲ ਮੈਨੂੰ ਫਿਕਰ ਵਿਚ ਪਾਉਂਦਾ ਹੈ। ਇਹ ਚਿੰਤਾ ਇਸ ਗੱਲ ਦਾ ਅਹਿਸਾਸ ਕਰਕੇ ਹੋਰ ਵੀ ਡੂੰਘੀ ਹੋ ਜਾਂਦੀ ਹੈ ਕਿ ਜਾਤ ਅਤੇ ਵਿਸ਼ਵਾਸ਼ਾਂ ਦੀ ਸ਼ਕਲ 'ਚ ਸਾਡੇ ਪੁਰਾਣੇ ਦੁਸ਼ਮਣਾਂ ਤੋਂ ਇਲਾਵਾ ਅਸੀਂ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪਣਾ ਰਹੇ ਹਾਂ ਜਿਹਨਾਂ ਦੇ ਵਖੋ-ਵੱਖ ਅਤੇ ਇਕ ਦੂਜੇ ਤੋਂ ਵਿਰੁੱਧ ਅਕੀਦੇ (ਸਵਾਰਥ) ਹਨ। ਮੈਨੂੰ ਨਹੀਂ ਪਤਾ ਕਿ ਲੀਡਰ ਲੋਕ ਸਵਾਰਥਾ ਤੋਂ ਦੇਸ਼ ਨੂੰ ਤਰਜੀਹ ਦੇਣਗੇ ਜਾਂ ਦੇਸ਼ ਨਾਲੋ ਸਵਾਰਥਾ ਨੂੰ? ਪਰ ਇਹ ਗੱਲ ਯਕੀਨੀ ਹੈ ਕਿ ਜੇਕਰ ਪਾਰਟੀਆਂ ਨੇ ਸਵਾਰਥਾ ਨੂੰ ਦੇਸ਼ ਨਾਲੋ ਤਰਜੀਹ ਦਿੱਤੀ ਤਾਂ ਸਾਡੀ ਆਜ਼ਾਦੀ ਦੁਬਾਰਾ ਖਤਰੇ ਵਿਚ ਪਾ ਦਿੱਤੀ ਜਾਵੇਗੀ। ਸਾਨੂੰ ਸਭ ਨੂੰ ਮਜ਼ਬੂਤੀ ਨਾਲ ਇਸ ਅੰਜਾਮ ਵਿਰੁੱਧ ਡੱਟਣਾ ਹੋਵੇਗਾ।

26 ਜਨਵਰੀ 1950 ਨੂੰ ਅਸੀਂ ਇਕ ਟਕਰਾਵੀ ਜ਼ਿੰਦਗੀ ਵਿਚ ਪ੍ਰਵੇਸ਼ ਕਰ ਰਹੇ ਹਾਂ। ਰਾਜਨੀਤੀ ਵਿਚ ਅਸੀਂ ਬਰਾਬਰ ਹੋਵਾਂਗੇ। ਪਰ ਸਮਾਜੀ ਅਤੇ ਆਰਥਿਕ ਜੀਵਨ ਵਿਚ ਨਾਬਰਾਬਰ। ਰਾਜਨੀਤੀ ਵਿਚ ਅਸੀਂ ਇਕ ਆਦਮੀ, ਇਕ ਵੋਟ, ਇਕ ਕੀਮਤ ਦੇ ਅਸੂਲ ਨੂੰ ਪ੍ਰਵਾਨ ਕਰਾਂਗੇ। ਸਮਾਜੀ ਅਤੇ ਆਰਥਿਕ ਜੀਵਨ ਵਿਚ ਅਸੀਂ ਇਕ ਆਦਮੀ ਇਕ ਕਦਰ ਤੇ ਅਸੂਲ ਤੋਂ ਮੁਨਕਰ ਹੁੰਦੇ ਰਹਾਂਗੇ। ਕਿੰਨੀ ਦੇਰ ਅਸੀਂ ਟਕਰਾਵੀ ਜ਼ਿੰਦਗੀ ਗੁਜਾਰਦੇ ਰਹਾਂਗੇ? ਕਿੰਨੀ ਦੇਰ ਤੱਕ ਅਸੀਂ ਸਮਾਜੀ ਅਤੇ ਆਰਥਿਕ ਜੀਵਨ ਵਿਚ ਬਰਾਬਰੀ ਤੋਂ ਇਨਕਾਰ ਕਰਦੇ ਰਹਾਂਗੇ? ਜੇਕਰ ਅਸੀਂ ਲਗਾਤਾਰ ਕਾਫੀ ਚਿਰ ਸਮਾਨਤਾ ਤੋਂ ਇਨਕਾਰ ਕਰਦੇ ਰਹੇ ਤਾਂ ਅਸੀਂ ਅਜਿਹੀ ਸਿਆਸੀ ਜਮਹੂਰੀਅਤ ਨੂੰ ਖਤਰੇ ਵਿਚ ਪਾ ਕੇ ਰਹਾਂਗੇ। ਸਾਨੂੰ ਇਸ (ਗਰੀਬੀ-ਅਮੀਰੀ ਦੇ) ਫਰਕ ਨੂੰ ਛੇਤੀ ਤੋਂ ਛੇਤੀ ਦੂਰ ਕਰ ਦੇਣਾ ਹੋਵੇਗਾ, ਵਰਨਾ ਉਹ ਲੋਕ ਜੋ ਨਾਬਰਾਬਰੀ ਤੋਂ ਪੀੜਤ ਹਨ ਸਿਆਸੀ ਜਮਹੂਰੀਅਤ ਦੇ ਢਾਂਚੇ ਨੂੰ ਉਖਾੜ ਦੇਣਗੇ ਜੋ ਇਸ ਵਿਧਾਨ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ।

ਭਾਰਤ ਵਿਚ ਜਾਤਾਂ ਹਨ। ਇਹ ਜਾਤਾਂ ਦੇਸ਼ ਦੀਆਂ ਦੁਸ਼ਮਣ ਹਨ। ਸਭ ਤੋਂ ਪਹਿਲਾਂ ਤਾਂ ਇਹ ਇਸ ਲਈ ਦੇਸ਼ ਦੀਆਂ ਦੁਸ਼ਮਣ ਹਨ ਕਿਉਂ ਕਿ ਇਹ ਸਮਾਜੀ ਜੀਵਨ ਵਿਚ ਵੱਖਰਾ ਪਨ ਕਾਇਮ ਕਰਦੀਆਂ ਹਨ। ਜਾਤਾਂ ਇਸ ਲਈ ਵੀ ਦੇਸ਼ ਦੇ ਖਿਲਾਫ




ਹਨ ਕਿਉਂਕਿ ਇਹ ਈਰਖਾ[2] ਅਤੇ ਘਿਰਣਾ ਪੈਦਾ ਕਰਦੀਆਂ ਹਨ। ਜੇਕਰ ਅਸੀਂ ਅਸਲ ਵਿਚ ਇਕ ਕੌਮ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰੀਆਂ ਕਠਨਾਈਆਂ 'ਤੇ ਕਾਬੂ ਪਾਉਣਾ ਹੋਵੇਗਾ। ਭਾਈਚਾਰਾ ਕਾਇਮ ਕਰਨਾ ਹੋਵੇਗਾ। ਭਾਈਚਾਰੇ ਤੋਂ ਬਗੈਰ ਰਾਜਨੀਤਕ ਆਜ਼ਾਦੀ ਦਾ ਕੋਈ ਮਹੱਤਵ ਨਹੀਂ ਹੈ। ਭਾਈਚਾਰਾ ਅਸਲ ਵਿਚ ਉਦੋਂ ਕਾਇਮ ਹੋਵੇਗਾ, ਜਦ ਭਾਰਤ ਵਿਚ ਇਕ ਕੌਮ ਹੋਵੇਗੀ।

ਇਸ ਦੇਸ਼ ਵਿਚ ਸਿਆਸੀ ਤਾਕਤ ਕੁਝ ਲੋਕਾਂ ਦੀ ਇਜਾਰੇਦਾਰੀ ਬਣੀ ਹੋਈ ਹੈ ਜਦ ਕਿ ਦੇਸ਼ ਦੇ ਬਹੁਤ ਸਾਰੇ ਲੋਕ ਨਾ ਕੇਵਲ ਭਾਰ ਢੋਣ ਵਾਲੇ ਪਸ਼ੂਆਂ ਦੀ ਤਰ੍ਹਾਂ ਹਨ ਬਲਕਿ ਉਹ ਬੇਇੱਜ਼ਤੀਆਂ ਤੇ ਅਤਿਆਚਾਰ ਦਾ ਸ਼ਿਕਾਰ ਵੀ ਹੁੰਦੇ ਹਨ। ਇਸ ਇਜਾਰੇਦਾਰੀ ਨੇ ਨਾ ਕੇਵਲ ਉਨ੍ਹਾਂ ਨੂੰ ਉੱਨਤੀ ਦੇ ਮੌਕੇ ਤੋਂ ਸੱਖਣਾ ਕਰ ਦਿੱਤਾ ਬਲਕਿ ਉਨ੍ਹਾਂ ਦੇ ਜੀਵਨ ਰਸ ਨੂੰ ਵੀ ਚੂਸ ਲਿਆ ਹੈ। ਇਨ੍ਹਾਂ ਦੱਬੇ ਕੁਚਲੇ ਲੋਕਾਂ ਦਾ ਗੁਲਾਮੀ ਤੋਂ ਜੀਅ ਭਰ ਚੁੱਕਾ ਹੈ। ਉਹ ਆਪਣੇ 'ਤੇ ਆਪਣੀ ਹਕੂਮਤ ਕਾਇਮ ਕਰਨ ਲਈ ਕਾਹਲੇ ਅਤੇ ਬੇਚੈਨ ਹਨ। ਇਬਰਾਹੀਮ ਲਿੰਕਨ ਨੇ ਕਿਹਾ ਕਿ ਫਟਿਆ ਹੋਇਆ ਘਰ ਬਹੁਤ ਦੇਰ ਤੱਕ ਨਹੀਂ ਠਹਿਰ ਸਕਦਾ। ਇਸ ਲਈ ਜਿੰਨੀ ਛੇਤੀ ਹੋ ਸਕੇ ਲੋਕਾਂ ਦੀ ਇੱਛਾ ਪੂਰੀ ਕੀਤੀ ਜਾਏ, ਇਸ ਨਾਲ ਉਨਾਂ ਹੀ ਦੇਸ਼ ਦੀ ਆਜ਼ਾਦੀ ਅਤੇ ਦੇਸ਼ ਦੇ ਜਮਹੂਰੀ ਢਾਂਚੇ ਦੀ ਪਕਿਆਈ ਹੁੰਦੀ ਜਾਵੇਗੀ। ਇਹ ਕੇਵਲ ਜੀਵਨ ਦੇ ਹਰ ਖੇਤਰ 'ਚ ਬਰਾਬਰਤਾ ਤੇ ਭਾਈਚਾਰੇ ਦੀ ਹੋਂਦ ਨਾਲ ਹੀ ਹੋ ਸਕਦਾ ਹੈ, ਭਾਵ ਜਦ ਤੱਕ ਜਾਤੀ ਤੇ ਜਮਾਤੀ ਰਹਿਤ ਸਮਾਜ ਦੀ ਸਥਾਪਨਾ ਨਹੀਂ ਹੁੰਦੀ, ਤਦ ਤੱਕ ਆਜ਼ਾਦੀ ਦਾ ਕੋਈ ਮਹੱਤਵ ਨਹੀਂ ਹੈ।''

**ਦੇਸ਼ ਦੀ ਵਿਦੇਸ਼ ਨੀਤੀ ਬਾਰੇ**

ਅੱਜ ਦੇਸ਼ ਆਪਣੀ ਵਿਦੇਸ਼ ਨੀਤੀ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਵਿਚ ਉਲਝਿਆ ਹੋਇਆ ਹੈ। ਕਈ ਸਮੱਸਿਆਵਾਂ ਸਾਡੀ ਵਿਦੇਸ਼ ਨੀਤੀ ਕਾਰਨ ਇੰਨੀਆਂ ਪੇਚੀਦਾ ਹੋ ਗਈਆਂ ਹਨ ਕਿ ਉਨ੍ਹਾਂ ਦੇਸ਼ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ। ਵਿਦੇਸ਼ ਨੀਤੀ ਪ੍ਰਤੀ ਡਾਕਟਰ ਅੰਬੇਡਕਰ ਨੇ ਲਾਅ ਮਨਿਸਟਰੀ ਤੋਂ ਅਸਤੀਫੇ ਦਿੰਦੇ ਸਮੇਂ ਜੋ 10 ਅਕਤੂਬਰ 1951 ਨੂੰ ਆਪਣਾ ਬਿਆਨ ਜਾਰੀ ਕੀਤਾ, ਉਸ ਵਿਚ ਉਹ ਕਹਿੰਦੇ ਹਨ; "15 ਅਗਸਤ 1947 ਨੂੰ ਜਦ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਤਾਂ ਉਸ ਸਮੇਂ ਇਕ ਵੀ ਅਜਿਹਾ ਦੇਸ਼ ਨਹੀਂ ਸੀ ਜੋ ਸਾਡਾ ਭਲਾ ਨਾ ਚਾਹੁੰਦਾ ਹੋਵੇ। ਭਾਵ ਇਕ ਵੀ ਦੇਸ਼ ਨਹੀਂ ਸੀ ਜੋ ਸਾਡਾ ਬੁਰਾ ਚਾਹੁੰਦਾ ਹੋਵੇ। ਸੰਸਾਰ ਦਾ ਹਰ ਦੇਸ਼ ਸਾਡਾ ਮਿੱਤਰ ਸੀ। ਹੁਣ ਚਾਰ ਸਾਲਾਂ ਬਾਅਦ ਹੀ ਸਭ ਸਾਨੂੰ ਛੱਡ ਗਏ ਹਨ। ਸਾਡਾ ਕੋਈ ਮਿੱਤਰ ਨਹੀਂ ਹੈ। ਅਸੀਂ ਸਭ ਤੋਂ ਅਲੱਗ ਥਲੱਥ ਹੋ ਗਏ ਹਾਂ। ਅਸੀਂ ਇਕੱਲੇ ਹੀ ਆਪਣੀ ਬੇੜੀ ਖਿੱਚੀ ਫਿਰਦੇ ਹਾਂ। ਯੂ. ਐਨ. ਓ. 'ਚ ਸਾਡੇ ਪ੍ਰਸਤਾਵਾਂ ਦਾ ਸਮਰਥਨ ਕਰਨ ਲਈ ਕੋਈ ਨਹੀਂ ਮਿਲਦਾ। ਆਪਣੀ ਆਮਦਨੀ ਦਾ ਵੱਡਾ ਹਿੱਸਾ ਸੈਨਿਕ ਸ਼ਕਤੀ 'ਤੇ ਖਰਚ ਕਰਨਾ ਪੈਂਦਾ ਹੈ। ਸਿੱਟੇ ਵਜੋਂ ਕਰੋੜਾਂ ਲੋਕਾਂ ਨੂੰ ਭੁੱਖ ਮਰੀ ਤੋਂ ਬਚਾਉਣਾ ਮੁਸ਼ਕਲ ਹੋ ਗਿਆ ਹੈ। ਪੈਸੇ ਖੁਣੋ ਦੇਸ਼ ਦਾ ਉਦਯੋਗੀਕਰਨ ਕਰਨਾ ਕਠਿਨ ਹੋ ਗਿਆ ਹੈ। ਦੇਸ਼ ਦੀ ਕੁਲ ਆਮਦਨ 350 ਅਰਬ ਵਿਚੋਂ 180 ਅਰਬ ਰੁਪਏ ਸੈਨਾ 'ਤੇ ਖਰਚ ਹੋ ਜਾਂਦੇ ਹਨ ਭਾਵ ਕੁੱਲ ਆਮਦਨ ਦਾ ਅੱਧਾ ਹਿੱਸਾ ਰੱਖਿਆ ਲਈ ਖਰਚ ਹੋ ਜਾਂਦਾ ਹੈ। ਉਪਰੋਕਤ ਖਰਚ ਸਾਡੀ ਗਲਤ ਵਿਦੇਸ਼ ਨੀਤੀ ਦਾ ਹੀ ਨਤੀਜਾ ਹੈ।''

ਜੰਮੂ-ਕਸ਼ਮੀਰ ਬਾਰੇ ਡਾ. ਅੰਬੇਡਕਰ ਦੇ ਸੁਝਾਅ ਨੂੰ ਮੰਨਿਆ ਹੁੰਦਾ ਤਾਂ ਅੱਜ ਇਹ ਦਿਨ ਨਾ ਆਉਂਦੇ? ਪਾਕਿਸਤਾਨ ਨਾਲ ਸਾਡੇ ਜੋ ਸਬੰਧ ਵਿਗੜੇ ਹੋਏ ਹਨ ਉਸ ਦੇ ਦੋ ਕਾਰਨ ਹਨ। ਇਕ ਕਸ਼ਮੀਰ ਤੇ ਦੂਜਾ ਪੂਰਬੀ ਬੰਗਾਲ। ਕਸ਼ਮੀਰ ਸਮੱਸਿਆ ਦਾ ਸਰਵ-ਸ੍ਰੇਸ਼ਟ ਹੱਲ ਕਸ਼ਮੀਰ ਦਾ ਬਟਵਾਰਾ ਹੀ ਹੈ। ਬਟਵਾਰਾ ਇਸ ਲਈ ਕਿਉਂਕਿ ਏਸ਼ੀਆ ਵਿਚ ਧਰਮ ਦੀ ਪ੍ਰਭੂਸੱਤਾ ਨੂੰ ਕੋਈ ਅੱਖੋਂ ਉਹਲੇ ਨਹੀਂ ਕਰ ਸਕਦਾ। ਬਟਵਾਰਾ ਠੀਕ ਉਵੇਂ ਹੀ ਹੋਵੇ ਜਿਵੇਂ ਭਾਰਤ ਦਾ ਕੀਤਾ। ਉਨ੍ਹਾਂ ਕਿਹਾ, ਕਸ਼ਮੀਰ ਦਾ ਹਿੰਦੂ ਅਤੇ ਬੋਧ ਭਾਗ ਹਿੰਦੋਸਤਾਨ ਨੂੰ ਦੇ ਦਿੱਤਾ ਜਾਵੇ ਅਤੇ ਕਸ਼ਮੀਰ ਘਾਟੀ ਦਾ ਮੁਸਲਮਾਨ ਭਾਗ ਜਿੱਥੇ 85% ਮੁਸਲਮਾਨ ਹਨ, ਉਹ ਜਿਥੇ ਜਾਣਾ ਚਾਹੁਣ, ਜਾਣ ਦੇਣਾ ਚਾਹੀਦਾ ਹੈ।

ਜਬਰਦਸਤੀ ਜਾਂ ਸੰਵਿਧਾਨ ਰਾਹੀਂ ਵਿਸ਼ੇਸ਼ ਦਰਜਾ ਜਾਂ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਕਸ਼ਮੀਰ ਨੂੰ ਸਾਥ ਰੱਖਣਾ, ਇਕ ਚਿੱਟਾ ਹਾਥੀ ਬੰਨ੍ਹਣ ਤੋਂ ਸਿਵਾਏ ਕੁਝ ਵੀ ਨਹੀਂ ਹੈ। ਜਿਸ ਤਰ੍ਹਾਂ ਚਿੱਟਾ ਹਾਥੀ ਵੇਖਣ ਨੂੰ ਤਾਂ ਸੋਹਣਾ ਲੱਗਦਾ ਹੈ ਪਰ ਉਸ ਨੇ ਖਾਣਾ ਹੀ ਖਾਣਾ ਹੈ, ਦੇਣਾ ਕੁਝ ਵੀ ਨਹੀਂ। ਇਸੇ ਤਰ੍ਹਾਂ ਕਸ਼ਮੀਰ ਦੇਖਣ ਨੂੰ ਸੋਹਣਾ ਲੱਗਦਾ ਹੈ ਪਰ ਦਿੰਦਾ ਕੁਝ ਵੀ ਨਹੀਂ ਹੈ, ਸਿਰਫ ਖਾਂਦਾ ਹੀ ਖਾਂਦਾ ਹੈ। ਇਸ ਲਈ ਇਹ ਚਿੱਟਾ ਹਾਥੀ ਬੰਨ੍ਹਣਾ ਨਹੀਂ ਚਾਹੀਦਾ। ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਅਤੇ ਸਹੂਲਤਾ ਦੇਣ ਦੀ ਬਨਿਸਬਤ ਜੰਮੂ ਅਤੇ ਲਦਾਖ ਨੂੰ ਛੱਡ ਕੇ ਕਸ਼ਮੀਰ ਘਾਟੀ ਵਿਚ ਜਨਮਤ ਕਰਵਾ ਲੈਣਾ ਚਾਹੀਦਾ ਹੈ। ਜੇਕਰ ਉਸ ਨੇ ਹਿੰਦੋਸਤਾਨ ਵਿਚ ਰਹਿਣਾ ਹੈ ਤਾਂ ਆਮ ਨਾਗਰਿਕ ਵਾਂਗ ਰਹੇ।''

ਡਾਕਟਰ ਅੰਬੇਡਕਰ ਦੇ ਉਪਰੋਕਤ ਸੁਝਾਵਾਂ ਨੂੰ ਮੰਨਿਆ ਨਹੀਂ ਗਿਆ। ਧਾਰਾ 370 ਰਾਹੀਂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਹੀ ਨਹੀਂ ਦਿੱਤਾ ਗਿਆ ਸਗੋਂ ਵਿਸ਼ੇਸ਼ ਸਹੂਲਤਾਂ ਵੀ ਦਿੱਤੀਆਂ ਗਈਆਂ। 65 ਸਾਲ ਬਾਅਦ ਵੀ ਕਸ਼ਮੀਰ ਦੀ ਸਮੱਸਿਆ ਜਿਉਂ ਦੀ ਤਿਉਂ ਖੜ੍ਹੀ ਹੈ। ਅਰਬਾਂ, ਖਰਬਾਂ ਰੁਪਏ ਦੀਆਂ ਸਹੂਲਤਾਂ ਖਾ ਕੇ ਵੀ ਕਸ਼ਮੀਰ ਦੇ ਮੁਸਲਮਾਨ ਹਿੰਦੋਸਤਾਨ ਦੇ ਹੱਕ ਵਿਚ ਨਹੀਂ ਹਨ। ਰੋਜ਼ਾਨਾ ਦੀ ਮਾਰਧਾੜ, ਕਤਲੇਆਮ, ਉਧਾਲੇ, ਹਿੰਦੂਆਂ ਦੇ ਉਜਾੜੇ, ਹਿਜਰਤ ਕਰਨ ਤੇ ਮੌਜੂਦਾ ਸਥਿਤੀ ਇੰਨੀ ਵਿਸਫੋਟਕ ਬਣ ਚੁੱਕੀ ਹੈ ਕਿ ਹਿੰਦੋਸਤਾਨ ਦੀ ਹਾਲਤ ਅੱਜ 'ਸੱਪ ਦੇ ਮੂੰਹ ਵਿਚ ਕਿਰਲੀ' ਵਾਲੀ ਹੋ ਗਈ ਹੈ। ਕਸ਼ਮੀਰ ਕਾਰਨ ਹੀ ਭਾਰਤ ਨੂੰ ਪਾਕਿਸਤਾਨ ਨਾਲ ਤਿੰਨ ਲੜਾਈਆਂ ਕਰਨੀਆਂ ਪਈਆਂ। ਕਸ਼ਮੀਰ ਕਾਰਨ ਹੀ ਪਾਕਿਸਤਾਨ, ਭਾਰਤ ਨੂੰ ਦੁਨੀਆਂ ਸਾਹਮਣੇ ਭੰਡ ਰਿਹਾ ਹੈ। ਕਸ਼ਮੀਰ ਕਾਰਨ ਹੀ ਰੱਖਿਆ 'ਤੇ ਬੇਤਹਾਸ਼ਾ ਖਰਚਾ ਕਰਨਾ ਪੈ ਰਿਹਾ ਹੈ।

**ਚੀਨੀ ਹਮਲੇ ਬਾਰੇ ਭਵਿੱਖ ਬਾਣੀ, ਚੀਨ ਭਾਰਤ 'ਤੇ ਹਮਲਾ ਕਰੇਗਾ**

8 ਨਵੰਬਰ 1951 ਨੂੰ ਲਖਨਊ ਯੂਨੀਵਰਸਿਟੀ ਵਲੋਂ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਡਾ. ਅੰਬੇਡਕਰ ਨੇ ਕਿਹਾ, "ਆਪਣੀ ਵਿਦੇਸ਼ ਨੀਤੀ ਨੂੰ ਪ੍ਰਭਾਵਸ਼ਾਲੀ ਬਣਾਉਣ ਦਾ ਮੂਲ ਮੰਤਰ ਇਹ ਹੈ ਕਿ ਖੁਦ ਨੂੰ ਸਧਾਰਨ ਅਤੇ ਸਾਦਾ ਬਣਾਇਆ ਜਾਵੇ। ਮੇਰਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਭਾਰਤ ਨੂੰ ਚੀਨ ਦੇ ਲਈ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਸਥਾਨ ਦਿਵਾਉਣ ਦੀ ਬਜਾਏ ਆਪਣੇ ਲਈ ਸਥਾਈ ਸਥਾਨ ਲੈਣ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਹਿੰਦੋਸਤਾਨ ਅਤੇ ਪਾਕਿਸਤਾਨ ਇਕ ਹੀ ਦੇਸ਼ ਭਾਰਤ ਦੇ ਦੋ ਅੰਗ ਹਨ। ਹਜ਼ਾਰਾਂ ਸਾਲਾਂ ਤੋਂ ਹਿੰਦੂ-ਮੁਸਲਮਾਨ ਇਕੱਠੇ ਰਹਿੰਦੇ ਆਏ ਹਨ। ਇਨ੍ਹਾਂ ਹਲਾਤਾਂ ਵਿਚ ਇਹ ਸਹੀ ਹੈ ਕਿ ਦੋਨੋਂ ਦੇਸ਼ ਮਿਲ ਜੁਲ ਕੇ ਇਕ ਅੱਛੇ ਗਵਾਢੀ ਦੀ ਤਰ੍ਹਾਂ ਪ੍ਰੇਮ ਭਾਵ ਨਾਲ ਰਹਿਣ ਅਤੇ ਜਨਤਾ ਦੀ ਸੁੱਖ ਸੁਵਿਧਾ ਲਈ ਯਤਨਾਂ ਵਿਚ ਵਾਧਾ ਕਰਨ।

ਪ੍ਰੰਤੂ ਅਜਿਹਾ ਨਾ ਕਰਕੇ ਪਾਕਿਸਤਾਨ ਨਾਲ ਦੁਸ਼ਮਣੀ ਪਾਉਣਾ ਅਤੇ ਚੀਨ ਨਾਲ ਮਿੱਤਰਤਾ ਵਧਾਉਣਾ ਇਕ ਬੇਰੁਖੀ ਗੱਲ ਹੈ ਜੋ ਦੋਵਾਂ ਦੇਸ਼ਾਂ ਦੇ ਹਿੱਤਾਂ ਦੇ ਖਿਲਾਫ ਬਹੁਤ ਹੀ ਬੇਲੋੜੀ ਹੈ। ਭਾਰਤ ਅਤੇ ਪਾਕਿਸਤਾਨ ਬਰਾਬਰ ਮਿੱਤਰ ਹੋ ਸਕਦੇ ਹਨ ਲੇਕਿਨ ਚੀਨ ਅਤੇ ਪਾਕਿਸਤਾਨ ਮਿੱਤਰ ਨਹੀਂ ਹੋ ਸਕਦੇ। ਚੀਨ ਨਾ ਪਾਕਿਸਤਾਨ ਦਾ ਤੇ ਨਾ ਹੀ ਭਾਰਤ ਦਾ ਮਿੱਤਰ ਹੋ ਸਕਦਾ ਹੈ। ਚੀਨ ਵਿਸਥਾਰਵਾਦੀ ਦੇਸ਼ ਹੈ। ਉਸ ਦਾ ਉਦੇਸ਼ ਛੋਟੇ ਕਮਜ਼ੋਰ ਦੇਸ਼ਾਂ ਨੂੰ ਹੜੱਪਣਾ ਹੈ। ਤਿੱਬਤ ਦੇ ਸਾਥ ਚੀਨ ਦਾ ਵਰਤਾਵ ਇਕ ਨਮੂਨਾ ਹੈ। ਚੀਨ ਨਾਲ ਸਾਜਿਸ਼ ਰਚਕੇ ਭਾਰਤ ਪ੍ਰਤੀ ਯੁੱਧ ਦਾ ਮਹੌਲ ਪੈਦਾ ਕਰਨਾ ਪਾਕਿਸਤਾਨ ਦਾ ਬਚਪਨਾ ਹੈ। ਚੀਨ ਨੂੰ ਲਹਾਸਾ (ਤਿੱਬਤ) ਉਤੇ ਕਬਜਾ ਕਰ ਲੈਣ ਦੇਣਾ, ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਇਕ ਤਰ੍ਹਾਂ, ਚੀਨ ਨੂੰ ਆਪਣੀਆਂ ਫੌਜਾ ਭਾਰਤ ਦੀ ਸਰਹੱਦ ਤੱਕ ਲੈ ਆਉਣ ਲਈ ਸਹਿਮਤੀ ਦੇਣਾ ਹੀ ਹੈ। ਇਨ੍ਹਾਂ ਸਭ ਗੱਲਾਂ ਨੂੰ ਵਿਚਾਰਨ 'ਤੇ ਮੈਨੂੰ ਲਗਦਾ ਹੈ ਕਿ ਇਹ ਮੂਰਖਤਾ ਦੀ ਗੱਲ ਹੈ।''

ਉਹਨਾਂ 1954 'ਚ ਪਾਰਲੀਮੈਂਟ 'ਚ ਕਿਹਾ ਸੀ ਕਿ ਚੀਨ ਭਾਰਤ 'ਤੇ ਹਮਲਾ ਕਰੇਗਾ। ਬੇਸ਼ੱਕ ਅਸੀਂ ਇਸ ਗੱਲ 'ਤੇ ਵਿਸ਼ਵਾਸ਼ ਨਾ ਕਰੀਏ ਕਿ ਜਲਦੀ ਹੀ ਭਾਰਤ 'ਤੇ ਹਮਲਾ ਹੋਣ ਵਾਲਾ ਨਹੀਂ ਤਾਂ ਵੀ ਭਾਰਤ 'ਤੇ ਹਮਲਾ ਹੋ ਸਕਦਾ ਹੈ ਅਤੇ ਇਹ ਹਮਲਾ ਉਨ੍ਹਾਂ ਲੋਕਾਂ ਦੁਆਰਾ ਹੀ ਹੋਵੇਗਾ ਜਿਨ੍ਹਾਂ ਨੂੰ ਹਮਲਾ ਕਰਨ ਦੀ ਆਦਤ ਪਈ ਹੋਈ ਹੈ।'' 1962 ਵਿਚ ਚੀਨ ਨੇ ਭਾਰਤ 'ਤੇ ਹਮਲਾ ਕੀਤਾ। ਡਾਕਟਰ ਅੰਬੇਡਕਰ ਦੀ ਭਵਿੱਖਬਾਣੀ ਸੱਚ ਸਾਬਤ ਹੋਈ। ਜਾਨ ਮਾਲ ਦਾ ਨੁਕਸਾਨ ਤਾਂ ਹੋਇਆ ਹੀ, ਪਰ ਦੇਸ਼ ਦਾ 14 ਹਜ਼ਾਰ ਵਰਗ ਮੀਲ ਦਾ ਇਲਾਕਾ ਵੀ ਗਵਾਇਆ। ਅੱਜ ਫਿਰ ਬਾਰਡਰ 'ਤੇ ਹਮਲੇ ਦੀ ਤਿਆਰੀ ਚਲ ਰਹੀ ਹੈ। ਇਹਨਾਂ ਸਮੱਸਿਆਵਾਂ ਲਈ ਕੌਣ ਜਿੰਮੇਵਾਰ ਹੈ?

ਜੇਕਰ ਅਜ਼ਾਦੀ, ਵਿਦੇਸ਼ ਨੀਤੀ, ਚੀਨ, ਕਸ਼ਮੀਰ ਬਾਰੇ ਡਾਕਟਰ ਅੰਬੇਡਕਰ ਦੇ ਸੁਝਾਅ ਨੂੰ ਮੰਨ ਲਿਆ ਜਾਂਦਾ ਤਾਂ ਸਮੱਸਿਆਵਾਂ ਉਦੋਂ ਹੀ ਹੱਲ ਹੋ ਜਾਣੀਆਂ ਸੀ। ਹੁਣ ਤੱਕ ਦੇਸ਼ ਦਾ ਜਾਨੀ ਅਤੇ ਅਰਬਾਂ, ਖਰਬਾਂ ਰੁਪਇਆ ਖਰਾਬ ਨਾ ਹੁੰਦਾ? ਇਹ ਰੁਪਇਆ ਦੇਸ਼ ਦੀ ਤਰੱਕੀ ਲਈ ਵਰਤਿਆ ਜਾਂਦਾ ਤਾਂ ਅੱਜ ਦੇਸ਼ ਖੁਸ਼ਹਾਲ ਹੁੰਦਾ।

# ਅਮਰੀਕਨ ਸਿੱਖ ਭਾਈਚਾਰੇ ਨੇ ਸਿੱਖਾਂ ਤੇ ਮੁਸਲਮਾਨਾਂ ਨੂੰ ਆਪਸੀ ਸਾਂਝ ਬਣਾਈ ਰੱਖਣ ਦੀ ਕੀਤੀ ਅਪੀਲ

ਲੀਡਰ ਜਸਵਿੰਦਰ ਸਿੰਘ ਨੇ ਵੀ ਸਿੱਖਾਂ ਅਤੇ ਮੁਸਲਮਾਨਾਂ ਨੂੰ ਆਪਸ ਵਿਚ ਨਾਂ ਲੜਨ ਦੀ ਅਪੀਲ ਕੀਤੀ।

ਡੈਲਸ (ਟੈਕਸਸ) ਤੋਂ ਸਿੱਖ ਯੂਥ ਆਫ਼ ਅਮਰੀਕਾ ਦੇ ਮੁੱਢਲੇ ਆਗੂ ਸੰਤੋਖ ਸਿੰਘ ਵਿਸ਼ੇਸ਼ ਤੌਰ ਤੇ ਇਸ ਮੀਟਿੰਗ ਵਿਚ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਬਣਨ ਤੋਂ ਬਾਦ ਭਾਰਤ ਵਿਚਲੀਆਂ ਘੱਟ ਗਿਣਤੀਆ ਸਹਿਮ ਦੇ ਦੌਰ ਵਿਚ ਹਨ। ਅਜਿਹੀਆਂ ਘਟਨਾਵਾਂ ਉਨ੍ਹਾਂ ਲਈ ਭਿਆਨਕ ਸਮਾਂ ਆਉਣ ਦਾ ਸੰਕੇਤ ਹਨ। ਸਿੱਖ ਲੀਡਰਸ਼ਿਪ ਇਸ ਨੂੰ ਗੰਭੀਰਤਾ ਨਾਲ ਲਵੇ।

ਗੁਰਦੁਆਰਾ ਸਿੰਘ ਸਭਾ ਆਫ਼ ਵਾਸ਼ਿੰਗਟਨ ਦੇ ਜਨਰਲ ਸਕੱਤਰ ਸਨਮੋਹਣ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਅਜਿਹੀਆਂ ਘਟਨਾਵਾਂ ਦਾ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਗੁਰਦੁਆਰਾ ਸਿੰਘ ਸਭਾ ਆਫ਼ ਵਾਸ਼ਿੰਗਟਨ ਦੀ ਸਾਰੀ ਕਮੇਟੀ ਪੰਥ ਦੀ ਚੜ੍ਹਦੀ ਕਲ੍ਹਾ ਦੇ ਕਾਰਜਾਂ ਲਈ ਵਚਨਬੱਧ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਸੀਨੀਅਰ ਵਾਇਸ ਪ੍ਰਧਾਨ ਸ.ਰੇਸ਼ਮ ਸਿੰਘ ਨੇ ਕਿਹਾ ਕਿ ਇਹ ਮਸਲਾ ਛੋਟਾ ਨਹੀਂ ਹੈ । ਸਿੱਖਾਂ ਅਤੇ ਮੁਸਲਮਾਨਾਂ ਵਿਰੁੱਧ ਸਾਜਸ਼ਾ ਰਚੀਆਂ ਜਾ ਰਹੀਆਂ ਹਨ। ਸਿੱਖ ਵਿਰੋਧੀ ਤਾਕਤਾਂ ਹੋਰ ਵੀ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦਾ ਨੁਕਸਾਨ ਕਰ ਰਹੀਆਂ ਹਨ। ਸਾਡੀ ਪਾਰਟੀ ਇਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦੇਵੇਗੀ। ਸ਼੍ਰੋਮਣੀ ਅਕਾਲੀ ਦਲ ਪੰਚਪ੍ਰਧਾਨੀ ਦੇ ਤਨਵੀਰ ਸਿੰਘ ਨੇ ਕਿਹਾ ਕਿ ਸਮੂਹ ਪੰਥ ਦਰਦੀ ਧਿਰਾਂ ਨੂੰ ਇੱਕਠੇ ਹੋਣ ਦੀ ਸਖਤ ਜਰੂਰਤ ਹੈ।

ਕੈਨੇਡਾ ਤੋਂ ਪੰਜਾਬ ਰਾਈਟਸ ਫੋਰਮ ਦੇ ਸੁਨੀਲ ਕੁਮਾਰ ਜੀ ਅਤੇ ਕਮਲਜੀਤ ਸਿੰਘ ਵੀ ਵਿਸ਼ੇਸ਼ ਤੌਰ ਤੇ ਇਸ ਮੀਟਿੰਗ ਵਿਚ ਪਹੁੰਚੇ।ਸੁਨੀਲ ਕੁਮਾਰ ਨੇ ਕਿਹਾ ਕਿ 1947 ਤੋਂ ਬਾਦ ਇਹ ਪਹਿਲੀ ਵਾਰ ਹੈ ਕਿ ਪਿਛਲੇ ਦੋ ਮਹੀਨਿਆਂ ਵਿਚ ਸਿੱਖ ਮੁਸਲਮਾਨ ਝੜਪਾਂ ਦੋ ਵਾਰੀ ਹੋ ਚੁਕੀਆਂ ਹਨ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ।ਆਪਣੇ ਹੱਕਾਂ ਪ੍ਰਤੀ ਸੁਚੇਤ ਕੌਮਾਂ ਹੀ ਘੱਟ ਨੁਕਸਾਨ ਕਰਾ ਕੇ ਵੱਧ ਪ੍ਰਾਪਤੀ ਕਰ ਸਕਦੀਆਂ ਹਨ। ਕਮਲਜੀਤ ਸਿੰਘ ਨੇ ਕਿਹਾ ਕਿ ਘੱਟ ਗਿਣਤੀਆਂ ਨੂੰ ਭਾਈਚਾਰਕ ਸਾਂਝ ਬਣਾਉਣ ਦੀ ਲੋੜ ਹੈ। ਇਨ੍ਹਾਂ ਤੋਂ ਇਲਾਵਾ ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਆਫ਼ ਵਾਸ਼ਿੰਗਟਨ ਦੇ ਸਾਬਕਾ ਪ੍ਰਧਾਨ ਸ. ਹਰਿੰਦਰ ਸਿੰਘ ਬੈਂਸ ਅਤੇ ਸ਼ਰਨਜੀਤ ਸਿੰਘ ਨੇ ਕਿਹਾ ਕਿ ਸਾਨੂੰ ਡਾ. ਅਮਰਜੀਤ ਸਿੰਘ ਦੀ ਅਗਵਾਈ ਵਿਚ ਪ੍ਰੋਗਰਾਮ ਉਲੀਕਣ ਦੀ ਲੋੜ ਹੈ। ਅਸੀਂ ਡਾ. ਸਾਹਿਬ ਨਾਲ ਮੋਢਾ ਨਾਲ ਮੋਢਾ ਲਾ ਕੇ ਕੌਮੀ ਕੰਮਾ ਵਿਚ ਸਹਿਯੋਗ ਦੇਣ ਲਈ ਤਤਪਰ ਹਾਂ।

ਇਸ ਸਮੇਂ ਯੂ ਨਿਊਜ ਟੂਡੇ ਦੇ ਸਤਪਾਲ ਸਿੰਘ ਪੁਰੇਵਾਲ, ਨਾਰਥ ਅਮਰੀਕਾ ਦੇ ਰੂਹੇ ਰਵਾਂ ਅਖ਼ਬਾਰ ਪੰਜਾਬ ਗਾਰਡੀਅਨ ਦੀ ਸਮੁੱਚੀ ਟੀਮ ਵੀ ਹਾਜ਼ਰ ਸੀ। ਅਡੀਟਰ ਹਰਕੀਰਤ ਸਿੰਘ ਨੇ ਕਿਹਾ ਕਿ ਅਜਿਹੀਆ ਘਟਨਾਵਾਂ ਦੀ ਸਾਨੂੰ ਮੀਡੀਏ ਰਾਹੀਂ ਤਰੁੰਤ ਨਿਖੇਧੀ ਕਰਨ ਦੀ ਲੋੜ ਹੈ।

ਸ. ਸਰਵਣ ਸਿੰਘ ਕੈਲੇਫ਼ੋਰਨੀਆਂ, ਗੁਰਵਿੰਦਰ ਸਿੰਘ ਭਿੰਦਾ ਸਟਾਕਟਨ, ਕੁਲਜੀਤ ਸਿੰਘ ਨਿੱਝਰ, ਹਰਮਿੰਦਰ ਸਿੰਘ ਸਮਾਣਾ ਤੋਂ ਇਲਾਵਾ ਅਮਰੀਕਾ ਦੇ ਵੱਖ ਵੱਖ ਸਟੇਟਾਂ ਤੋਂ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਜਿਨ੍ਹਾਂ ਨੇ ਆਰ ਐਸ ਐਸ ਅਤੇ ਸਿੱਖ ਵਿਰੋਧੀਆ ਤਾਕਤਾਂ ਦੇ ਖ਼ਤਰਨਾਕ ਮਨਸੂਬਿਆਂ ਤੋਂ ਸੁਚੇਤ ਹੋਣ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਕਮਰਕੱਸੇ ਕਰਨ ਦੀ ਅਪੀਲ ਕੀਤੀ।

**- ਹਰਕੀਰਤ ਸਿੰਘ ਕੁਲਾਰ**


# ਰਿਜ਼ਰਵੇਸ਼ਨ ਦਿਨ ਦੀ ਵਧਾਈ

ਰਿਜ਼ਰਵੇਸ਼ਨ ਦਿਨ (26 ਜੁਲਾਈ) ਦੇ ਸੰਦਰਭ ਤੇ ਸਾਰੇ ਬਹੁਜਨ ਸਮਾਜ (ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ) ਦੇ ਸਾਰੇ ਸਾਥੀਆਂ ਨੂੰ ਹਾਰਦਿਕ ਸ਼ੁਭ ਕਾਮਨਾਵਾਂ। ਬਹੁਜਨ ਸਮਾਜ ਦੇ ਭਰਾਵਾਂ ਅਤੇ ਭੈਣਾਂ, ਮਹਾਤਮਾ ਜਯੋਤਿਬਾ ਫੂਲੇ ਜੀ ਦੀ ਬਹੁਜਨ ਵਾਦੀ ਰਿਜ਼ਰਵੇਸ਼ਨ ਨੀਤੀ ਨੂੰ ਅੰਜ਼ਾਮ ਦੇਣ ਦਾ ਕੰਮ ਬਹੁਜਨ ਸਮਾਜ ਦੇ ਕੋਹਲਾਪੁਰ ਰਿਆਸਤ ਦੇ ਆਦਰਸ਼ ਰਾਜਾ ਰਾਜਸ਼੍ਰੀ ਛਤਰਪਤੀ ਸ਼ਾਹੂ ਜੀ ਮਹਾਰਾਜ। ਇਹਨਾਂ ਨੇ 26 ਜੁਲਾਈ 1092 ਨੂੰ ਆਪਣੇ ਰਾਜ ਵਿਚ ਬਹੁਜਨ ਸਮਾਜ ਨੂੰ 50 ਪ੍ਰਤੀਸ਼ਤ ਰਿਜ਼ਰਵੇਸ਼ਨ, ਸਿੱਖਿਆ ਅਤੇ ਸਰਕਾਰੀ ਨੌਕਰੀਆਂ ਦਿੱਤੀਆਂ। ਇਸ ਨੀਤੀ ਨੂੰ ਅੱਗੇ ਵਧਾਇਆ ਡਾ. ਅੰਬੇਦਕਰ ਜੀ ਦੇ ਅਣਥੱਕ ਯਤਨਾਂ ਕਾਰਨ ਭਾਰੀਤ ਸੰਵਿਧਾਨ ਦੇ ਅਨੁਛੇਦ 340 ਦੇ ਤਹਿਤ ਹੋਰ ਪੱਛੜ ਵਰਗਾਂ ਦੇ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਗਈ। ਇਕੱਠਿਆਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਨੂੰ ਵੀ ਰਿਜ਼ਰਵੇਸ਼ਨ ਦਿੱਤਾ ਗਿਆ ਸੀ। (ਜੈ ਭੀਮ ਜੈ ਭਾਰਤ)

**- ਤਰਸੇਮ ਜਲੰਧਰੀ**

# ਸਰਬੰਗੀ- ਕੀਟ-ਵਿਗਿਆਨੀ, ਸਾਹਿਤਕਾਰ ਤੇ ਕਲਾਕਾਰ -ਡਾ ਅਮਰਜੀਤ ਟਾਂਡਾ

ਡਾ ਅਮਰਜੀਤ ਟਾਂਡਾ ਜੀਵ ਜੰਤੂਆਂ, ਕੀਟਾਣੂੰਆਂ ਅਤੇ ਕੀਟਨਾਸ਼ਕਾਂ ਦੇ ਖੋਜੀ ਵਿਗਿਆਨੀ ਵਿੱਚ ਸੁਹਜਾਤਮਕ ਪ੍ਰਵਿਰਤੀ ਹੋਣੀ ਅਤੇ ਸੂਖਮ ਕਲਾਵਾਂ ਦਾ ਸੁਮੇਲ ਹੋਣਾ ਇੱਕ ਵਿਲੱਖਣ ਜਹੀ ਗੱਲ ਲਗਦੀ ਹੈ।ਇਹਨਾਂ ਦੋਹਾਂ ਵਿਧਾਵਾਂ ਦਾ ਆਪਸ ਵਿੱਚ ਕੋਈ ਸੁਮੇਲ ਨਹੀਂ ,ਦੋਵੇਂ ਇੱਕ ਦੂਜੇ ਤੋਂ ਵੱਖਰੇ ਹਨ। ਜੀਵ ਵਿਗਿਆਨ ਜੀਵਾਂ ਬਾਰੇ ਜਾਣਕਾਰੀ ਤੇ ਸਾਹਿਤ ਬਿਲਕੁਲ ਹੀ ਸੁਹਜਾਤਕ ਤੇ ਕੋਮਲ ਵਿਧਾ ਹੈ ਅਤੇ ਪੇਂਟਿੰਗ ਉਸ ਤੋਂ ਵੀ ਸੂਖਮ ਹੁੰਦੀ ਹੈ। ਜੀਵ ਵਿਗਿਆਨ ਵਿੱਚ ਖੋਜ ਕਰਨ ਤੋਂ ਬਾਅਦ ਪੋਸਟ ਪ੍ਰੈਜੂਏਸ਼ਨ ਕਰਕੇ ਪੀ ਐਚ ਡੀ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਡਾ ਅਮਰਜੀਤ ਸਿੰਘ ਟਾਂਡਾ ਨੇ ਆਪਣੇ ਕਿੱਤਾਕਾਰੀ ਦੇ ਖੇਤਰ ਦੇ ਨਾਲ ਹੀ ਆਪਣੀ ਕਲਾਤਮਿਕ ਪ੍ਰਤਿਭਾ ਤੇ ਪ੍ਰਵਿਰਤੀ ਨੂੰ ਪ੍ਰਫੁਲਤ ਹੀ ਨਹੀਂ ਕੀਤਾ ਸਗੋਂ ਸਾਹਿਤਕ ਕਲਾਤਮਿਕ ਅਤੇ ਪੇਂਟਿੰਗ ਦੇ ਖੇਤਰ ਵਿੱਚ ਵੀ ਆਪਣੀ ਵੱਖਰੀ ਪਛਾਣ ਬਣਾਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਵਪਾਰੀ ਵੀ ਉਹ ਉਤਮ ਦਰਜੇ ਦਾ ਹੈ। ਨਕੋਦਰ ਨੇੜੇ ਢੇਰੀਆਂ ਪਿੰਡ ਵਿੱਚ ਇੱਕ ਆਮ ਸਾਧਾਰਨ ਪੇਂਡੂ ਪਰਿਵਾਰ ਵਿੱਚ ਜਨਮ ਲੈ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਜੀਵ ਵਿਗਿਆਨ ਦੇ ਵਿਸ਼ੇ ਵਿੱਚੋਂ ਐਮ ਐਸ ਸੀ ਦੀ ਡਿਗਰੀ 1976 ਵਿੱਚ ਪਾਸ ਕਰਕੇ ਆਪਣੀ ਵਿਲੱਖਣ ਪ੍ਰਤਿਭਾ ਦਾ ਸਬੂਤ ਦਿੱਤਾ ਸੀ। ਏਥੇ ਹੀ ਬਸ ਨਹੀਂ 1983 ਵਿੱਚ ਜੀਵ ਵਿਗਿਆਨ ਵਿੱਚ ਹੀ ਪੀ ਐਚ ਡੀ ਕਰਕੇ ਆਪਣੇ ਪਿੰਡ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਇਸਤੋਂ ਬਾਅਦ ਆਪਜੀ ਨੂੰ ਯੂਨੀਵਰਸਿਟੀ ਵਿੱਚ ਹੀ ਖੋਜ ਅਤੇ ਪੜਾਈ ਕਰਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਤੇ ਆਪ ਏਥੇ ਇਹ ਜ਼ਿੰਮੇਵਾਰੀ 15 ਸਾਲ ਬਾਖ਼ੂਬੀ ਨਾਲ ਨਿਭਾਉਂਦੇ ਰਹੇ ਤੇ ਫਿਰ ਕੁਝ ਸਪਨੇ ਸਿਰਜਕੇ ਆਸਟਰੇਲੀਆ ਪਰਵਾਸ ਕਰ ਗਏ। ਆਪ ਆਪਣੇ ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਹਰ ਇਮਤਿਹਾਨ ਵਿੱਚ ਫਸਟ ਹੀ ਆਉਂਦੇ ਰਹੇ ਕਿਉਂਕਿ ਆਪ ਵਿਲੱਖਣ ਪ੍ਰਤਿਭਾ ਦੇ ਮਾਲਕ ਸਨ। ਆਪਨੂੰ ਸਕੂਲ ਸਮੇਂ ਵਿੱਚ ਹੀ ਕਵਿਤਾਵਾਂ ਲਿਖਣ ਦਾ ਚਸਕਾ ਲੱਗ ਗਿਆ ਸੀ, ਜਿਸਨੂੰ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੜਦਿਆਂ ਬੂਰ ਪੈਣਾ ਸ਼ੁਰੂ ਹੋ ਗਿਆ। ਜਿਸਦੇ ਸਿੱਟੇ ਵਜੋਂ ਆਪਨੂੰ ਯੂਨੀਵਰਸਿਟੀ ਵਿੱਚ ਹੀ ਯੰਗ ਰਾਈਟਰਜ ਐਸੋਸੀਏਸ਼ਨ ਦਾ ਸੰਪਾਦਕ ਬਣਾਇਆ ਗਿਆ। ਆਪਦੀਆਂ ਕਵਿਤਾਵਾਂ ਸੁਣਨ ਲਈ ਵਿਦਿਆਰਥੀਆਂ ਦਾ ਜਮਘਟਾ ਆਪਦੇ ਆਲੇ ਦੁਆਲੇ ਹਮੇਸ਼ਾ ਜੁੜਿਆ ਰਹਿੰਦਾ ਸੀ। ਆਸਟਰੇਲੀਆ ਵਿੱਚ ਪਰਵਾਸ ਤੋਂ ਬਾਅਦ ਆਪਨੇ ਉਥੇ ਸਿਡਨੀ ਵਿੱਚ ਟਾਂਡਾ ਪੈਸਟ ਕੰਟਰੋਲ ਨਾਂ ਦੀ ਕੰਪਨੀ ਬਣਾਈ ਅਤੇ ਨਾਲ ਹੀ ਰੀਅਲ ਅਸਟੇਟ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਹਨਾ ਆਪਣੇ ਕਵਿਤਾ ਲਿਖਣ ਦੇ ਸ਼ੌਕ ਨੂੰ ਜਾਰੀ ਰੱਖਿਆ ਅਤੇ ਹੁਣ ਤੱਕ ਆਪਨੇ ਕਵਿਤਾ ਦੀਆਂ ਪੰਜ ਪੁਸਤਕਾਂ ਹਵਾਵਾਂ ਦੇ ਰੁਖ, ਲਿਖਤੁਮ ਨੀਲੀ ਬੰਸਰੀ, ਕੋਰੇ ਕਾਗਜ਼ ਅਤੇ 'ਦੀਵਾ ਸਫ਼ਿਆਂ ਦਾ' ਪ੍ਰਕਾਸ਼ਤ ਕਰਵਾਕੇ ਸਿੱਧ ਕਰ ਦਿੱਤਾ ਹੈ ਕਿ ਸੱਚੇ ਸੁਚੇ ਪੰਜਾਬੀ ਦੇ ਮੁਦਈ ਦਾ ਕਿਰਦਾਰ ਵਿਦੇਸ਼ਾਂ ਵਿੱਚ ਬੈਠਕੇ ਵੀ ਨਿਭਾਉਣ ਵਿੱਚ ਸਫਲ ਹੀ ਨਹੀਂ ਹੋਏ ਸਗੋਂ ਪੰਜਾਬ ਦੀ ਮਿੱਟੀ ਦੀ ਖੁਸ਼ਬੋ ਦਾ ਆਨੰਦ ਲੈਣ ਵਿੱਚ ਵੀ ਮੋਹਰੀ ਰਹੇ ਹਨ। ਡਾ ਟਾਂਡਾ ਕਲੀਰੇ ਮੈਗਜੀਨ ਦੇ ਵੀ ਸੰਪਾਦਕ ਰਹੇ ਹਨ। ਆਪ ਹਮੇਸ਼ਾ ਪੰਜਾਬੀਅਤ ਦੀ ਖ਼ੁਸ਼ਬੂ ਫੈਲਾਉਂਦੇ ਦਿਸਦੇ ਰਹਿੰਦੇ ਹਨ। ਏਥੇ ਹੀ ਬਸ ਨਹੀਂ ਓਸਿ ਨੇ ਆਪਣੇ ਨਿੱਕੇ ਭਰਾ ਬਲਵੀਰ ਟਾਂਡਾ ਜੋ ਇੱਕ ਫਿਲਮ ਨਿਰਮਾਤਾ ਹਨ, ਨਾਲ ਮਿਲ ਕੇ, ਟਾਂਡਾ ਬਰਦਰਜ਼ ਦੇ ਬੈਨਰ ਹੇਠ ਪੰਜਾਬੀ ਫੀਚਰ ਫਿਲਮਾਂ,ਵੈਰੀ,ਧੀ ਜੱਟ ਦੀ ਅਤੇ ਪਹਿਲਾ ਪਹਿਲਾ ਪਿਆਰ, ਦਾ ਲਾਅਨ ਆਫ ਪੰਜਾਬ, ਇੱਕ ਹਿੰਦੀ ਫੀਚਰ ਫਿਲਮ ਸਮਗਲਰ ਵੀ ਬਣਾਈਆਂ ਹਨ, ਜੋ ਬੜੀਆਂ ਸਮਾਜਕ ਬੁਰਾਈਆਂ ਤੇ ਝਾਤ ਪਾਉਂਦੀਆਂ ਹਨ ਜਿਸਤੋਂ ਉਸਦੀ ਪੰਜਾਬੀ ਨੌਜਵਾਨਾ ਦੇ ਭਵਿਖ ਦੀ ਸੰਜੀਦਗੀ ਦਾ ਪਤਾ ਲਗਦਾ ਹੈ। ਆਮ ਤੌਰ ਤੇ ਪਰਵਾਸੀ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਵਿਰਸੇ ਤੋਂ ਅਵੇਸਲੇ ਹੋ ਕੇ ਡਾਲਰ ਕਮਾਉਣ ਦੇ ਚੱਕਰਾਂ ਵਿੱਚ ਹੀ ਉਲਝ ਜਾਂਦੇ ਹਨ।ਡਾ ਅਮਰਜੀਤ ਟਾਂਡਾ ਆਪਣੀ ਇੱਕ ਵੱਖਰੀ ਹੀ ਜ਼ਿੰਮੇਵਾਰੀ ਨਿਭਾਉਣ ਵਿੱਚ ਵੀ ਸਫਲ ਹੋਏ ਹਨ। ਉਸਨੂੰ ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਦੇ ਪੰਜਾਬ ਨਾਲ ਜੁੜੇ ਰਹਿਣ ਦੀ ਚਿੰਤਾ ਵੀ ਸਤਾ ਰਹੀ ਹੈ, ਇਸ ਕਰਕੇ ਉਹ ਉਹਨਾਂ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਕੇ ਰੱਖਣ ਲਈ ਭੰਗੜਾ,



ਗਿੱਧਾ, ਪੰਜਾਬੀ ਡਰੈਸ ਦੇ ਮੁਕਾਬਲੇ ਅਤੇ ਸਭਿਆਚਾਰਕ ਤੇ ਧਾਰਮਿਕ ਪ੍ਰੋਗਰਾਮ ਆਸਟਰੇਲੀਆ ਵਿੱਚ ਆਯੋਜਤ ਕਰਾਉਂਦੇ ਰਹਿੰਦੇ ਹਨ।ਪੰਜਾਬੀ ਉਦਮੀ ਹੁੰਦੇ ਹਨ ,ਇਸ ਲਈ ਡਾ ਟਾਂਡਾ ਆਪਣੇ ਉਦਮੀ ਸੁਭਾਅ ਕਰਕੇ ਸਮਾਜ ਦੇ ਹਰ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਇਹਨਾਂ ਯਤਨਾਂ ਸਦਕੇ ਆਪ ਜੀ ਨੂੰ ਪਰਵਾਸੀ ਪੰਜਾਬੀਆਂ ਦੀ ਵੈਲਫੇਅਰ ਸੋਸਾਇਟੀ ਨੇ ਸਮਾਜ ਪ੍ਰਤੀ ਸੇਵਾਵਾਂ ਮੁੱਖ ਰੱਖਦਿਆਂ 2010 ਵਿੱਚ ਹਿੰਦ ਰਤਨ ਅਵਾਰਡ ਅਤੇ ਮੈਲਬਾਰਨ ਸਿੱਖ ਸੋਸਾਇਟੀ ਨੇ 2001 ਵਿੱਚ ਅੰਤਰਰਾਸ਼ਟਰੀ ਵਾਲੰਟੀਅਰ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਆਪ ਪੰਜਾਬੀ ਸਾਹਿਤ ਅਕਾਡਮੀ ਸਿਡਨੀ ਦੇ ਫਾਊਂਡਰ ਪ੍ਰੈਜੀਡੈਂਟ ਵੀ ਹਨ। ਸਿਆਸਤ ਦੇ ਚਸਕੇ ਕਰਕੇ 2004 ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਆਸਟਰੇਲੀਆ ਦੇ ਸੰਸਥਾਪਕ ਪ੍ਰਧਾਨ ਵੀ ਹਨ। ਸਮਾਜ ਸੇਵਾ ਦਾ ਬੀੜਾ ਵੀ ਚੁਕਿਆ ਹੋਇਆ ਹੈ।ਕਵਿਤਾ ਲਿਖਣਾ ਅਤੇ ਕਵਿਤਾ ਮੁਕਾਬਲਿਆਂ ਵਿੱਚੋਂ ਹਮੇਸ਼ਾ ਪਹਿਲਾ ਇਨਾਮ ਪ੍ਰਾਪਤ ਕਰਨ ਦਾ ਸੇਹਰਾ ਵੀ ਆਪਨੂੰ ਹੀ ਜਾਂਦਾ ਰਿਹਾ ਹੈ। ਅਸਲ ਵਿੱਚ ਡਾ ਟਾਂਡਾ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ।ਉਹ ਲਿਖਦੇ ਹਨ, "ਅੱਗ ਜਦੋਂ ਵੀ ਛਾਤੀ ਵਿੱਚ ਬਲਦੀ ਹੈ, ਪਰਬਤ ਵੀ ਉੱਚੇ ਨਹੀਂ ਲਗਦੇ"।

ਇਸ ਕਵਿਤਾ ਦੀਆਂ ਪੰਕਤੀਆਂ ਸ਼ਪੱਸ਼ਟ ਤੌਰ ਤੇ ਦਰਸਾਉਂਦੀਆਂ ਹਨ ਕਿ ਨਿਸ਼ਾਨੇ ਤੇ ਪਹੁੰਚਣ ਲਈ ਉਹਨਾਂ ਨੂੰ ਪਹਾੜ ਵੀ ਰੋਕ ਨਹੀਂ ਸਕਦੇ। ਡਾ ਟਾਂਡਾ ਦੀਆਂ ਕਵਿਤਾਵਾਂ ਦੇ ਵਿਸ਼ੇ ਸਮਾਜਕ, ਰੋਮਾਂਟਿਕ, ਸੁਹਜਾਤਮਕ, ਸਮਾਜਕ ਬੁਰਾਈਆਂ, ਦਾਜ, ਗੰਧਲਾ ਸਮਾਜਕ, ਆਰਥਕ ਅਤੇ ਰਾਜਨੀਤਕ ਵਾਤਾਵਰਨ, ਹਵਾ, ਪਾਣੀ, ਮਿਲਾਵਟਖੋਰੀ, ਭਰਿਸ਼ਟਾਚਾਰ ਭਰੂਣ ਹੱਤਿਆ, ਨਸ਼ੇ, ਰਿਸ਼ਤਿਆਂ ਵਿੱਚ ਤਰੇੜਾਂ ਅਤੇ ਗ਼ਰੀਬੀ ਆਦਿ ਹਨ, ਉਹ ਇਹਨਾਂ ਵਿਸ਼ਿਆਂ ਤੇ ਖਰੀਆਂ ਖਰੀਆਂ ਸੁਣਾਕੇ ਚੋਟਾਂ ਲਗਾਉਂਦਾ ਹੈ। ਧਾਰਮਿਕ ਸੰਕੀਰਨਤਾ ਵੀ ਉਸਦਾ ਖਾਸ ਵਿਸ਼ਾ ਹੈ। ਪੰਜਾਬੀਆਂ ਤੇ ਹੋਏ ਨਰਸੰਹਾਰ ਨੇ ਵੀ ਉਸਨੂੰ ਟੁੰਬਿਆ ਹੈ। ਬਲਿਊ ਸਟਾਰ ਅਪ੍ਰੇਸ਼ਨ, 1984 ਦਾ ਕਤਲੇਆਮ ਅਤੇ ਪੰਜਾਬ ਵਿੱਚ ਸਰਕਾਰੀ ਤੰਤਰ ਅਤੇ ਕਥਿਤ ਸਮਾਜ ਵਿਰੋਧੀ ਅਨਸਰਾਂ ਵਲੋਂ ਡੋਹਲੇ ਖ਼ੂਨ ਨੇ ਵੀ ਉਸਦੇ ਸਾਹਿਤਕ ਦਿਲ ਨੂੰ ਝੰਜੋੜਿਆ ਹੈ ਤੇ ਉਸ ਦੀਆਂ ਕਵਿਤਾਵਾਂ ਇਹਨਾਂ ਘਟਨਾਵਾਂ ਨਾਲ ਲਬਰੇਜ ਹਨ।ਪੰਜਾਬ ਦੇ ਮਾੜੇ ਦਿਨਾਂ ਨੂੰ ਬੜੇ ਹੀ ਸੰਕੇਤਕ ਢੰਗ ਨਾਲ ਲਿਖਦੇ ਉਹ ਕਹਿੰਦੇ ਹਨ:

ਰਾਤਾਂ ਲਈ ਜਗਾ ਤੂੰ ਦੀਵੇ ਮੈਂ ਸੁੰਨੇ ਸਜਾਉਨਾਂ ਬਨੇਰੇ
ਸੂਰਜ ਨੂੰ ਸ਼ਹਿਰੀਂ ਪਿੰਡੀਂ ਸੱਦਦਾਂ ਪੂੰਝਣ ਲਈ ਹਨੇਰੇ।

ਏਸੇ ਤਰ੍ਹਾਂ ਲਹੂ ਲੁਹਾਣ ਹੋਏ ਪੰਜਾਬ ਦੇ ਸੰਤਾਪ ਦਾ ਜਿਕਰ ਕਰਦਾ ਉਹ ਲਿਖਦਾ ਹੈ


ਤੂੰ ਗੁਡ ਤਿਆਰ ਕਰ,ਸਿੰਜ ਸਜਾ ਧਰਤ ਮੇਰੇ ਪੰਜਾਬ ਦੀ
ਮੈਂ ਚੁਣਕੇ ਕਿਸਮ ਬਹਾਰ 'ਚੋਂ ਲਿਔਨਾਂ ਸੋਹਣੇ ਗੁਲਾਬ ਦੀ।
ਮੈਂ ਨਾ ਸਿੱਖ,ਨਾ ਹਿੰਦੂ,ਨਾ ਕੋਈ ਮੁਸਲਮਾਨ ਹਾਂ,
ਪਰ ਮੁੱਦਤਾਂ ਤੋਂ--
ਫਿਰ ਵੀ ਨਾ ਕਰ ਸਕਿਆ,ਡੁਲ੍ਹੇ ਲਹੂ ਦੀ ਪਛਾਣ।
ਮਾਰ ਦਿੱਤੇ ਗਏ ਮੇਰੀ ਰਾਤ ਦੇ ਜੁਗਨੂੰ ਕੱਲ ਕਈ
ਗੁਨਾਹ ਸੀ ਕਿ
ਉਹ ਕੁੱਲੀਆਂ ਰੁਸ਼ਨਾਣ ਕਿਉਂ ਗਏ"

ਡਾ ਟਾਂਡਾ ਦਾ ਸਾਹਿਤਕ ਦਿੱਲ ਸਮਾਜਕ ਬੁਰਾਈਆਂ ਵੇਖ ਕੇ ਵਲੂੰਧਰਿਆ ਜਾਂਦਾ ਹੈ ਤੇ ਉਹ ਕਹਿੰਦਾ ਹੈ ਕਿ-

ਗਰੀਬ ਦੀ ਕੁੱਲੀ ਸਾੜ੍ਹੀ ਹੈ ਹੁਣ ਕੋਈ ਯਾਦਗਾਰ ਤਾਂ ਬਣਾ ਦਿਓ
ਦੋ ਤਿੰਨ ਉਹਦੇ ਸੁਪਨੇ ਲੈ ਕੇ ਉਹਦੀ ਲਾਸ਼ ਹੇਠ ਤਾਂ ਵਿਛਾ ਦਿਓ

ਪੰਜਾਬ ਵਿੱਚ ਅੱਸੀਵਿਆਂ ਵਿੱਚ ਵਿਛੇ ਸੱਥਰਾਂ ਅਤੇ ਮਜਲੂਮਾਂ-ਮਾਸੂਮਾਂ, ਨੌਜਵਾਨਾਂ, ਇਸਤਰੀਆਂ,ਬੱਚਿਆਂ ਦੇ ਹੋਏ ਕਤਲੇਆਮ ਨੇ ਉਸਨੂੰ ਬਹੁਤ ਹੀ ਕੁਰੇਦਿਆ ਹੈ ਤੇ ਉਸਦੀ ਕਲਮ ਵੀ ਲਹੂ ਦੇ ਅੱਥਰੂ ਕੇਰਦੀ ਲਿਖਦੀ ਹੈ-

'ਕੀ ਕਰੇ ਕੋਈ ਦਲੀਲਾਂ ਨੂੰ ਤੇ
ਬੇਗੁਨਾਹ ਅਪੀਲਾਂ ਨੂੰ
ਕਿਸੇ ਵੀ ਨਾ ਹੱਥ ਫੜਨਾਂ
ਸਲੀਬ ਵੱਲ ਲੈ ਜਾਣਗੇ"
ਇੱਕ ਚੰਦ ਤੇ ਮੁੱਠੀ ਭਰ
ਸਿਤਾਰੇ ਲਿਆਇਆ ਹਾਂ
ਹਵਾ ਚੋਂ ਖ਼ੂਨ ਪੂੰਝੋ ਮੈਂ
ਸਜਾਉਣਾ ਹੈ ਇਹਨਾਂ ਨੂੰ
ਓਦਣ ਦੀਆਂ ਮਾਵਾਂ ਨਹੀਂ
ਸੁੱਤੀਆਂ
ਜਿਹਨਾਂ ਦੇ ਪੁੱਤ ਘਰੋਂ ਕਾਲਜ
ਨੂੰ ਗਏ ਨਾ ਪਰਤੇ
ਕੀ ਦਿਆਂ ਦਿਲਾਸਾ ਉਹਨਾ ਨੂੰ



ਉਜਾਗਰ ਸਿੰਘ
94178-13072

ਸਮਾਜਿਕ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਅਤੇ ਆਧੁਨਿਕਤਾ ਦੇ ਮਾੜੇ ਪ੍ਰਭਾਵਾਂ ਦਾ ਜਿਕਰ ਕਰਦੇ ਉਹ ਲਿਖਦੇ ਹਨ-

ਬੰਦੇ ਘਰਾਂ ਵਿੱਚ ਬੱਚੇ ਮਾਂ ਬਾਪ ਏਨੇ ਨਜ਼ਦੀਕ ਹਨ,
ਚਿਰਾਂ ਬਾਅਦ ਲੱਗਿਆ ਕਰੂ ਪਤਾ ਕਿ ਬਾਪ ਨਹੀਂ ਰਿਹਾ-
ਹੋ ਚੱਲੇ ਹਨ ਘਰੀਂ ਮਾਵਾਂ ਨੂੰ ਵੰਡਣ ਜੋਗੇ ਹੁਣ ਪੁੱਤ
ਬਾਪ ਦੀ ਪੱਗ ਸੰਭਾਲੋ ਮੌਸਮ 'ਚ ਫਿਰਦੀ ਹੈ ਰੁੱਤ

ਧਰਮ ਦੀ ਆੜ ਵਿੱਚ ਆਪਣੇ ਆਪ ਨੂੰ ਪਵਿੱਤਰ ਤੇ ਧਾਰਮਿਕ ਅਖਵਾਉਣ ਵਾਲਿਆਂ ਦਾ ਪਰਦਾ ਫਾਸ਼ ਆਪਣੀ ਕਵਿਤਾ ਵਿੱਚ ਕਰਦਿਆਂ ਉਹ ਲਿਖਦੇ ਹਨ-

ਸਪੀਕਰਾਂ ਤੇ ਵਾਰ ਵਾਰ ਬੁਲਵਾਉਂਦੇ ਨਾਂ ਨੂੰ ਜੋ
ਉਂਝ ਕਹਿੰਦੇ ਕਿ ਅਸੀਂ ਕੀਤਾ ਗੁਪਤ ਦਾਨ ਏ

ਸਮਾਜਕ ਤਾਣੇ ਬਾਣੇ ਵਿੱਚ ਆਈ ਗਿਰਾਵਟ ਬਾਰੇ ਲਿਖਦੇ ਹਨ-

ਆਪਣੇ ਘਰ ਦੇ ਮਸਲੇ ਨਾ ਸੁਲਝਦੇ
ਪਰ ਗੁਆਂਢੀਆਂ ਲਈ ਹਰ ਕੋਈ ਪ੍ਰੇਸ਼ਾਨ ਹੈ-

ਡਾ ਅਮਰਜੀਤ ਸਿੰਘ ਟਾਂਡਾ ਵਿੱਚ ਇੱਕ ਹੋਰ ਬਹੁਤ ਹੀ ਅੱਛੀ ਖ਼ੂਬੀ ਹੈ ਕਿ ਉਹ ਬਹੁਤ ਹੀ ਵਧੀਆ ਪੇਂਟਰ ਕਲਾਕਾਰ ਹਨ। ਉਹਨਾਂ ਬਹੁਤ ਸਾਰੇ ਸਿੱਖ ਗੁਰੂਆਂ, ਮਹਾਤਮਾਵਾਂ, ਧਾਰਮਿਕ ਵਿੱਅਕਤੀਆਂ, ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ, ਸਿਆਸਤਦਾਨਾਂ ਆਦਿ ਦੀਆਂ ਪੇਂਟਿੰਗਜ ਬਣਾਈਆਂ ਹਨ। ਪੇਂਟਿੰਗ ਇੱਕ ਬਹੁਤ ਹੀ ਸੂਖਮ ਕਲਾ ਹੈ। ਇਸੇ ਕਰਕੇ ਉਹਨਾਂ ਨੂੰ ਸਰਬੰਗੀ ਕਲਾਕਾਰ ਕਿਹਾ ਜਾ ਸਕਦਾ ਹੈ। ਅਰਥਾਤ ਉਹ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ। ਆਪ ਕਲੀਰੇ ਮੈਗਜੀਨ ਦੇ ਸੰਪਾਦਕ ਵੀ ਰਹੇ ਹਨ।ਸਾਹਿਤਕ ਸਰਗਰਮੀਆਂ ਤਾਂ ਉਸਦਾ ਸ਼ੌਕ ਹੈ ਪ੍ਰੰਤੂ ਆਪਣੇ ਕਿੱਤੇ ਵਿੱਚ ਵੀ ਉਹਨਾਂ ਚੰਗਾ ਨਾਮਣਾ ਖੱਟਿਆ ਹੈ।ਆਪਨੇ ਆਪਣੇ ਕਿੱਤੇ ਨਾਲ ਸੰਬੰਧਤ ਚਾਰ ਪੁਸਤਕਾਂ ਵੀ ਲਿਖੀਆਂ ਹਨ,ਉਹਨਾਂ ਦੇ ਨਾਂ ਹਨ-'ਕੀਟ-ਵਿਗਿਆਨ, ਚੂਹਿਆਂ ਤੇ ਕਾਬੂ,'ਟਰਮਾਈਟਜ਼ ਦੇ ਪ੍ਰਬੰਧ ਬਾਰੇ ਅਤੇ ਇੰਗਲੈਂਡ ਦੀ ਇਨਸਟੀਚਿਊਟ ਆਫ ਬਾਇਆਲੋਜੀ ਵਲੋਂ ਚਾਰਟਡ ਬਨਸਪਤੀ ਵਿਗਿਆਨਿਕ ਦੀ ਆਨਰੇਰੀ ਡਿਗਰੀ ਦਿੱਤੀ ਗਈ। ਇਸਤੋਂ ਇਲਾਵਾ ਬਾਇਓਗਰਾਫੀਕਲ ਇਨਸਟੀਚਿਊਟ ਆਫ਼ ਰੇਲਿੰਗ ਮਾਣਤਾ ਦੇ ਕੇ ਦੁਨੀਆਂ ਦੇ ਪ੍ਰਸਿੱਧ 5000 ਵਿਗਿਆਨੀਆਂ ਵਿੱਚ ਸ਼ਾਮਲ ਕੀਤਾ ਗਿਆ। ਇਸ ਤੋਂ ਸਪੱਸ਼ਟ ਹੈ ਕਿ ਡਾ ਟਾਂਡਾ ਸਮਾਜ ਅਤੇ ਸਮਾਜਕ ਸਰੋਕਾਰਾਂ ਨਾਲ ਗੜੂੰਦ ਸਰਬੰਗੀ ਸਾਹਿਤਕਾਰ ਹੈ।

## ਡਾ.ਅਮਰਜੀਤ ਟਾਂਡਾ ਦੀਆਂ ਕੁਝ ਰਚਨਾਵਾਂ

### ਬੀਤੇ ਨਾ ਕਾਲੀ ਰਾਤ



ਬੀਤੇ ਨਾ ਕਾਲੀ ਰਾਤ
ਨਾਹੀ ਰੋਗ ਦਿਲੇ ਦਾ ਮੁੱਕੇ
ਲੱਖ ਪੱਤਣਾਂ ਤੇ ਢੁੱਕੇ ਵੇ ਲੋਕੋ
ਸਾਡੇ ਸਾਹ ਸੁੱਕੇ ਦੇ ਸੁੱਕੇ

ਨਾ ਨੈਣਾਂ ਨੂੰ ਕੱਜਲ ਜੁੜਿਆ
ਨਾ ਤਲੀਆਂ ਨੂੰ ਮਹਿੰਦੀ
ਜੋਬਨ ਭਰ ਆਇਆ ਸਾਡੇ ਅੰਗੀਂ
ਜ਼ਿੰਦੂ ਹਰ ਹਉਕੇ ਨੂੰ ਕਹਿੰਦੀ

ਖਬਰੇ ਰੁੱਤ ਵਟਣੇ ਦੀ ਕਦੋਂ
ਸਾਡੀ ਗਲੀ 'ਚ ਰੁਕੇ
ਉਮਰ ਹੋਈ ਚੰਨ ਤੱਕਣ ਵਾਲੀ
ਪਤਾ ਨਹੀਂ ਅੱਜ ਮੁੱਕੇ ਕੱਲ ਮੁੱਕੇ

ਆ ਮਾਹੀਆ ਤਨ ਕੱਜਣ ਦੇ ਜਾ
ਓੜਜਾ ਜਾਂ ਫੁੱਲਕਾਰੀ
ਲ਼ੱਜਾ ਸਾਡੀ ਹੁਣ ਅੱਖੀਂ ਨਾ ਟਿਕਦੀ
ਵੇ ਮੈਂ ਲੱਖ ਤਰਲੇ ਕੱਢ ਹਾਰੀ।

### ਮੈਂ ਪਿਆਸ ਵੇ

ਮੈਂ ਪਿਆਸ ਵੇ
ਤੇਰੀ ਪਹਿਲੀ ਭੁੱਖ
ਖਿੜ੍ਹੀ ਦੁਪਹਿਰ ਭਰ ਜੌਬਨ
ਬਹਾਰ ਚੜ੍ਹੀ ਕੋਈ ਰੁੱਤ

ਨਦੀ ਜੇਹੀ ਮੈਂ
ਮੇਰੇ ਨੀਰ ਚ ਲਹਿਰਾਂ
ਜਿਹਦੇ ਅੰਗੀਂ
ਵਿਛੋੜਾ ਤੇ ਦੁੱਖ਼



ਨਾ ਮੇਰੀ ਛਾਤੀ
ਸੁਪਨੇ ਪੂਰੇ
ਨਾ ਲਿਖਿਆ
ਕਿਤੇ ਸੁੱਖ

ਆ ਬੁਝਾ ਲੈ
ਭੁੱਖ ਚਿਰੋਕੀ
ਕਹੇ ਦਰੀਂ ਖੜ੍ਹੀ
ਇਕ ਚੁੱਪ

ਜਲ ਥਲ ਮੇਰੇ
ਅਜੇ ਨਿਰਮਲੇ
ਭਾਂਵੇਂ ਡੀਕ ਲੈ
ਤੇ ਜਾਂ ਭਰ ਲੈ ਘੁੱਟ

## ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਕੈਲੀਫੋਰਨੀਆ ਦੀ ਮਾਸਿਕ ਇਕੱਤਰਤਾ



ਸੈਕਰਾਮੈਂਟੋ- ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਕਮਿਊਨਿਟੀ ਹਾਲ ਵਿਚ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਯੂਨਿਟ ਦੀ ਮਾਸਿਕ ਇਕੱਤਰਤਾ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿਚ ਪਹਿਲੇ ਸੈਸ਼ਨ ਕਹਾਣੀ ਦਰਬਾਰ ਵਿਚ ਤਤਿੰਦਰ ਕੌਰ ਨੇ 'ਸੁਗੰਧ', ਮਹਿੰਦਰ ਸਿੰਘ ਘੱਗ ਨੇ 'ਮੁਕੱਦਮਾ' ਅਤੇ ਜੋਤੀ ਸਿੰਘ ਨੇ ਦੋ ਮਿੰਨੀ ਕਹਾਣੀਆਂ ਪੜ੍ਹੀਆਂ।

ਪਰਮਿੰਦਰ ਰਾਏ ਨੇ ਵੀ ਸ਼ਰਾਬ ਉਤੇ ਕਹਾਣੀ ਪੜ੍ਹੀ। ਇਸ ਮੀਟਿੰਗ ਵਿਚ ਸਾਬਕਾ ਐਮ. ਐਲ. ਏ. ਮਲਕੀਤ ਸਿੰਘ ਦਾਖਾ ਮੁੱਖ ਮਹਿਮਾਨ ਸਨ। ਉਹਨਾਂ ਨੇ ਕਿਹਾ ਕਿ ਭਾਵੇਂ ਉਹ ਖੁਦ ਨਹੀਂ ਲਿਖਦੇ ਪਰ ਉਹ ਸਾਹਿਤਕਾਰਾਂ ਦੇ ਕਦਰਦਾਨ ਹਨ, ਜਿਹੜੇ ਸਮੇਂ ਸਮੇਂ ਤੇ ਸਮਾਜਿਕ ਕੁਰੀਤੀਆਂ ਨੂੰ ਉਜਾਗਰ ਆਪਣੀ ਕਲਮ ਰਾਹੀਂ ਕਰਦੇ ਰਹਿੰਦੇ ਹਨ। ਉਹਨਾਂ ਨੇ ਰਾਬਿੰਦਰ ਨਾਥ ਟੈਗੋਰ ਤੋਂ ਗੱਲ ਸ਼ੁਰੂ ਕਰਕੇ ਮਸ਼ਹੂਰ ਸ਼ਾਇਰ ਹਰਜਿੰਦਰ ਕੰਗ ਤੇ ਆ ਮੁਕਾਈ। ਹਰਜਿੰਦਰ ਕੰਗ ਬਹੁਤ ਹੀ ਨਾਮਵਰ ਗਜ਼ਲਗੋ ਹਨ। ਕਵਿਤਾ ਦੇ ਦੂਜੇ ਸੈਸ਼ਨ ਵਿਚ ਜਿਹਨਾਂ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ, ਉਹਨਾਂ ਦੇ ਨਾਮ ਹਨ ਦਿਲ ਨਿੱਜਰ, ਜੀਵਨ ਰੱਤੂ, ਰਾਠੇਸ਼ਵਰ ਸੂਰਾਪੁਰੀ, ਇੰਦਰਜੀਤ ਗਰੇਵਾਲ, ਹਰਬੰਸ ਸਿੰਘ ਜਗਿਆਸੂ, ਜੋਤੀ ਸਿੰਘ, ਸੁਮਿੱਤਰ ਉਪਲ, ਹਰਭਜਨ ਸਿੰਘ ਢੇਰੀ, ਮਹਿੰਦਰ ਘੱਗ, ਪਰਮਿੰਦਰ ਰਾਏ, ਦਲਜੀਤ ਸੂਦ, ਜਸ ਫਿਜ਼ਾ, ਡਾ. ਮਹਿੰਦਰਜੀਤ ਸਿੰਘ ਬਾਜਵਾ, ਚਰਨ ਸਿੰਘ ਗਰਮ, ਮਹਿੰਦਰ ਧਾਮੀ, ਡਾ. ਹੁੰਦਲ, ਗੁਰਜਤਿੰਦਰ ਰੰਧਾਵਾ, ਜਸਵੰਤ ਜੱਸੀ ਸ਼ੀਮਾਰ, ਸੁਖਦੇਵ ਢਿੱਲੋਂ, ਸਤਨਾਮ ਸਿੰਘ ਨਿੱਜਰ, ਨਿਰਮਲ ਸਿੰਘ, ਸੁਵੀਨ ਕੌਰ ਆਦਿ। ਸਭਾ ਨਵੇਂ ਮੈਂਬਰਾਂ ਦਾ ਸਵਾਗਤ ਕਰਦੀ ਹੈ, ਜਿਹਨਾਂ ਨੇ ਇਸ ਮੀਟਿੰਗ ਵਿਚ ਹਿੱਸਾ ਲਿਆ ਅਤੇ ਮੈਂਬਰ ਬਣ ਕੇ ਸਭਾ ਦਾ ਮਾਣ ਵਧਾਇਆ। ਸਟੇਜ ਦੀ ਸੇਵਾ ਵਾਰੋ-ਵਾਰੀ ਜਸਵੰਤ ਜੱਸੀ ਸ਼ੀਮਾਰ ਅਤੇ ਇੰਦਰਜੀਤ ਗਰੇਵਾਲ ਨੇ ਨਿਭਾਈ।

**ਰਿਪੋਰਟ- ਜਸਵੰਤ ਜੱਸੀ ਸ਼ੀਮਾਰ**


UNITED SIKHS
Recognize the Human Race as One
Fundraiser For
Battle Against Drugs
Aug
2
5:30pm
Grand Sponsor
BOMBAY GARDEN
NORTH & SOUTH INDIAN CUISINE
ISHMEET
NARULA
Media Partner
IND TV USA
SINGH
DGN
UPPAL DENTAL
Khushvinder Pal Singh
AN EVENING WITH
RABBI
SHERGILL
MIRI INFOTECH
Dr. H.S Sraon
Gurbani Charitable Foundation
Budwal & Associates
First Time In Bay Area
Chabot College Performing Arts Center
25555 Hesperian Blvd, Hayward CA 94545
Tickets Available at sulekha.com & unitedsikhs.org/gala2014
VVIP $149 VIP $99 Honor $79 General $49
Rana Singh (510) 812-4113
APS Bhatia (408) 509-2223
Ajmer S Nijjar (510) 589-2575
Ashween Kaur (408) 390-0047
TJ Dhami (510) 673-8454
Kulwant S Khaira (415) 533-6086
New Balcony Seats Opened for $30 each
Buy 3 Get 1 Free. For details and tickets
Contact Ash @ 408-390-0047 or Rana S @ 510-812-4113.

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Since 1990

# PCS SACRAMENTO

Presents (USA)

Non Profit

14ਵੀਆਂ

# ਤੀਆਂ

# TEEYAN

**On Sunday, the 17th AUGUST 2014**

**At 1.00 P. M.**

AT

## S.E.S. Hall

**10427 E. STOCKTON BLVD.**
**ELK GROVE, CA 95624**



**Featuring : Songs, Gidha, Dances, Skits, D.J. and Much More**

## ALL LADIES AND GIRLS ARE INVITED

### ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010,
Email: palpharwala@yahoo.com | Website : www.sacpcs.com

ਐਂਟਰੀ ਬਿਲਕੁਲ ਮੁਫ਼ਤ **No Cameras Will Be Allowed Inside The Hall** ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: bpp467@gmail.com